27-AUG-PAGE-1.qxd 8/26/2025 9:19 PM Page 1

ਬੁੱਧਵਾਰ, 27 ਅਗਸਤ, 2025
12 ਭਾਦੋਂ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 86

ਰੋਜ਼ਾਨਾ
ਨਵਾਂ ਜ਼ਮਾਨਾ

DAILY NAWAN ZAMANA • WEDNESDAY, 27 AUGUST, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

ਸੂਕਦੇ ਦਰਿਆ, ਡਿੱਗਦੇ ਪੁਲ ਤੇ ਧਸਦੇ ਹਾਈਵੇ

ਜੰਮੂ : ਭਗਵਤੀ ਨਗਰ ਨੇੜੇ ਡਿੱਗਿਆ ਪੁਲ।

ਮੋਗਾ-ਬਰਨਾਲਾ ਰਾਸ਼ਟਰੀ ਰਾਜ ਮਾਰਗ।

ਚੰਡੀਗੜ੍ਹ/ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)

ਪੰਜਾਬ ਦੇ ਸਾਰੇ ਡੈਮਾਂ ਅਤੇ ਦਰਿਆਵਾਂ ਵਿੱਚ ਪਾਣੀ ਦਾ ਪੱਧਰ ਵਧਣ ਕਰਕੇ ਅੱਧਾ ਦਰਜਨ ਤੋਂ ਵੱਧ ਜ਼ਿਲ੍ਹਿਆਂ ਦੇ ਸੈਂਕੜੇ ਪਿੰਡ ਹੜ੍ਹ ਦੀ ਮਾਰ ਹੇਠ ਆ ਚੁੱਕੇ ਹਨ। ਜਿੱਥੇ ਲੋਕਾਂ ਨੂੰ ਆਪਣੇ ਘਰ ਖਾਲੀ ਕਰਨੇ ਪੈ ਰਹੇ ਹਨ, ਉੱਥੇ ਹਜ਼ਾਰਾਂ ਏਕੜ ਫਸਲ ਵੀ ਪਾਣੀ ਵਿੱਚ ਡੁੱਬ ਗਈ ਹੈ। ਹੜ੍ਹਾਂ ਕਰਕੇ ਪੰਜਾਬ ਵਿੱਚ ਆਮ ਜਨ-ਜੀਵਨ ਪ੍ਰਭਾਵਤ ਹੋ ਗਿਆ ਹੈ।

ਪੌਂਗ ਡੈਮ, ਭਾਖੜਾ ਡੈਮ ਅਤੇ ਰਣਜੀਤ ਸਾਗਰ ਡੈਮ ਵਿੱਚੋਂ ਲਗਾਤਾਰ ਪਾਣੀ ਛੱਡਿਆ ਜਾ ਰਿਹਾ ਹੈ। ਇਸ ਦੇ ਨਾਲ ਵੀ ਰਾਵੀ ਅਤੇ ਬਿਆਸ ਦਰਿਆ ਵੀ ਚੜ੍ਹੇ ਹੋਏ ਹਨ। ਫਾਜ਼ਿਲਕਾ ਵਿੱਚ ਦੋ ਦਰਜਨ ਦੇ ਕਰੀਬ ਪਿੰਡਾਂ ਨੂੰ ਖਾਲੀ ਕਰਨ ਦੇ ਹੁਕਮ ਦਿੱਤੇ ਗਏ ਹਨ।

ਲਗਾਤਾਰ ਭਾਰੀ ਮੀਂਹ ਦੇ ਚੱਲਦਿਆਂ ਮੋਗਾ-ਬਰਨਾਲਾ ਰਾਸ਼ਟਰੀ ਰਾਜ ਮਾਰਗ 703 ਪਿੰਡ ਮਾਛੀਕੇ ਵਿਖੇ ਧੱਸ ਗਿਆ। ਟੋਲ ਵਾਲੇ ਇਸ ਰਾਸ਼ਟਰੀ ਮਾਰਗ 'ਤੇ ਦਿਨ-ਰਾਤ ਰੋਜ਼ਾਨਾ ਹਜ਼ਾਰਾਂ ਵਹੀਕਲ ਗੁਜ਼ਰਦੇ ਹਨ, ਜੋ ਕਿ ਬਹੁਤ ਹੀ ਤੇਜ਼ ਰਫਤਾਰ ਨਾਲ ਜਾਂਦੇ ਹਨ। ਇਹ ਮਾਰਗ, ਜੋ ਕਿ ਕੁਝ ਸਾਲ ਪਹਿਲਾਂ ਹੀ ਬਣਾਇਆ ਗਿਆ ਹੈ, ਸ਼ੁਰੂ ਤੋਂ ਹੀ ਲਗਾਤਾਰ ਵਿਵਾਦਾਂ ਵਿੱਚ ਘਿਰਦਾ ਰਿਹਾ ਹੈ। ਜਿਸ ਜਗ੍ਹਾ 'ਤੇ ਇਹ ਧੱਸਿਆ ਹੈ, ਉਸ ਜਗ੍ਹਾ 'ਤੇ ਗਲਤ ਉਸਾਰੀ ਅਤੇ ਪੁਲ ਬਣਾਉਣ ਦੀ ਮੰਗ ਨੂੰ ਲੈ ਕੇ ਕਿਸਾਨ ਜਥੇਬੰਦੀਆਂ ਤੇ ਪਿੰਡ ਵਾਸੀਆਂ ਵੱਲੋਂ ਲਗਾਤਾਰ ਇਕ ਸਾਲ ਦਿਨ-ਰਾਤ ਦਾ ਧਰਨਾ ਲਾਇਆ ਗਿਆ ਸੀ। ਵਿਭਾਗ ਵੱਲੋਂ ਮਾਛੀਕੇ ਵਿਖੇ ਪੁਲ ਦੀ ਉਸਾਰੀ ਨਹੀਂ ਸੀ ਕੀਤੀ ਗਈ, ਜਿਸ ਕਾਰਨ ਇਹ ਪਿੰਡ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਸੀ। ਇਹ ਰਾਸ਼ਟਰੀ ਮਾਰਗ ਮਾਛੀਕੇ ਤੋਂ ਛੇ-ਸੱਤ ਫੁੱਟ ਉੱਚਾ ਬਣਾਇਆ ਗਿਆ ਸੀ। ਮਾਰਗ 'ਤੇ ਨਿਯਮਾਂ ਨੂੰ ਛਿੱਕੇ ਟੰਗ ਕੇ ਲੋਕਾਂ ਦੇ ਚੜ੍ਹਨ ਲਈ ਪੌੜੀਆਂ ਬਣਾਈਆਂ ਗਈਆਂ ਸਨ, ਜਿਸ ਕਾਰਨ ਤੇਜ਼ ਰਫਤਾਰ ਵਹੀਕਲਾਂ ਦੀ ਲਪੇਟ ਵਿੱਚ ਆ ਕੇ ਕਈ ਲੋਕਾਂ ਦੀ ਮੌਤ ਵੀ ਹੋ ਗਈ ਹੈ। ਕੁਝ ਸਮਾਂ ਪਹਿਲਾਂ ਇਹ ਮਾਰਗ ਰਾਮਗੜ੍ਹ ਪਿੰਡ ਦੇ ਨਜ਼ਦੀਕ ਵੀ ਧੱਸ ਗਿਆ ਸੀ ਅਤੇ ਬੌਡਿਆਂ ਨਜ਼ਦੀਕ ਵੀ ਇਸ ਸੜਕ 'ਤੇ ਡੂੰਘੇ ਖੱਡੇ ਬਣ ਗਏ ਸਨ। ਇਹ ਮਾਰਗ ਕੁਝ ਸਮੇਂ ਬਾਅਦ ਸੁਰਖੀਆਂ ਵਿੱਚ ਰਹਿੰਦਾ ਹੈ, ਪਰ ਅਧਿਕਾਰੀਆਂ ਦੇ ਕਦੇ ਵੀ ਕੰਨ 'ਤੇ ਜੂੰਅ ਨਹੀ ਸਰਕੀ। ਪ੍ਰਸ਼ਾਸਨ ਵੀ ਗੂੜ੍ਹੀ ਨੀਂਦ ਸੁੱਤਾ ਪਿਆ ਹੈ। ਵੱਖ-ਵੱਖ ਜਨਤਕ ਜਥੇਬੰਦੀਆਂ ਨੇ ਇਸ ਰਾਸ਼ਟਰੀ ਮਾਰਗ ਦੀ ਉਸਾਰੀ ਵਿੱਚ ਹੋਈਆਂ ਬੇਨਿਯਮੀਆਂ ਦੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ।

ਸਕੂਲ 30 ਤੱਕ ਬੰਦ

ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਐਲਾਨਿਆ ਕਿ ਮੀਂਹਾਂ ਕਾਰਨ ਸੂਬੇ 'ਚ ਸਾਰੇ ਸਰਕਾਰੀ ਤੇ ਨਿੱਜੀ ਪ੍ਰਾਇਮਰੀ, ਮਿਡਲ, ਸੈਕੰਡਰੀ ਤੇ ਸੀਨੀਅਰ ਸੈਕੰਡਰੀ ਸਕੂਲ 27 ਤੋਂ 30 ਅਗਸਤ ਤੱਕ ਬੰਦ ਰਹਿਣਗੇ।

ਸੁਲਤਾਨਪੁਰ ਨੇੜੇ ਪਿੰਡ ਆਹਲੀ ਕਲਾਂ ਵਿੱਚ ਐਡਵਾਂਸ ਬੰਨ੍ਹ ਟੁੱਟ ਗਿਆ ਹੈ, ਜਿਸ ਨੂੰ ਬਚਾਉਣ ਲਈ ਕਿਸਾਨ 10 ਅਗਸਤ ਤੋਂ ਲੱਗੇ ਹੋਏ ਸਨ। ਬਿਆਸ ਦਰਿਆ ਦੇ ਜ਼ੋਰ ਅੱਗੇ ਵਸ ਨਹੀਂ ਚੱਲਿਆ। ਕਿਸਾਨਾਂ ਨੇ ਦੱਸਿਆ

• ਬਾਕੀ ਸਫਾ 2 'ਤੇ

ਭਾਰਤ 'ਤੇ ਅਮਰੀਕੀ ਟੈਰਿਫ 50 ਫੀਸਦੀ ਤੱਕ ਪੁੱਜਿਆ

ਵਾਸ਼ਿੰਗਟਨ : ਅਮਰੀਕੀ ਕਸਟਮਜ਼ ਅਤੇ ਸਰਹੱਦੀ ਸੁਰੱਖਿਆ (ਸੀ ਬੀ ਪੀ) ਨੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਭਾਰਤੀ ਵਸਤਾਂ 'ਤੇ ਟੈਰਿਫ 50 ਪ੍ਰਤੀਸ਼ਤ ਤੱਕ ਵਧਾਉਣ ਦੇ ਐਲਾਨ ਤੋਂ ਬਾਅਦ ਭਾਰਤ ਤੋਂ ਦਰਾਮਦ ਕੀਤੇ ਜਾਣ ਵਾਲੇ ਉਤਪਾਦਾਂ 'ਤੇ ਵਾਧੂ ਡਿਊਟੀਆਂ ਲਾਗੂ ਕਰਨ ਬਾਰੇ ਇੱਕ ਖਰੜਾ ਨੋਟਿਸ ਜਾਰੀ ਕੀਤਾ ਹੈ। ਨੋਟਿਸ ਅਨੁਸਾਰ ਵਾਧੂ ਟੈਰਿਫ 6 ਅਗਸਤ 2025 ਦੇ ਰਾਸ਼ਟਰਪਤੀ ਦੇ ਕਾਰਜਕਾਰੀ ਆਦੇਸ਼ ਨੂੰ ਪ੍ਰਭਾਵੀ ਬਣਾਉਣ ਲਈ ਲਗਾਏ ਜਾ ਰਹੇ ਹਨ, ਜਿਸ ਦਾ ਸਿਰਲੇਖ ਹੈ 'ਰੂਸੀ ਸੰਘ ਦੀ ਸਰਕਾਰ ਵੱਲੋਂ ਅਮਰੀਕਾ ਨੂੰ ਦਰਪੇਸ਼ ਖਤਰੇ ਨੂੰ ਸੰਬੋਧਤ ਕਰਨਾ।' ਹੁਕਮ ਵਿੱਚ ਭਾਰਤ ਦੇ ਉਤਪਾਦਾਂ ਦੀ ਦਰਾਮਦ 'ਤੇ ਡਿਊਟੀ ਦੀ ਇੱਕ ਨਵੀਂ ਦਰ ਨਿਰਧਾਰਤ ਕੀਤੀ ਗਈ ਹੈ।

27 ਅਗਸਤ ਨੂੰ ਪ੍ਰਕਾਸ਼ਤ ਹੋਣ ਵਾਲੇ ਖਰੜਾ ਨੋਟਿਸ ਵਿੱਚ ਕਿਹਾ ਗਿਆ ਹੈ ਕਿ ਗ੍ਰਹਿ ਸੁਰੱਖਿਆ ਸਕੱਤਰ ਨੇ ਕਾਰਜਕਾਰੀ ਆਦੇਸ਼ ਦੇ ਅਨੁਸਾਰ ਅਮਰੀਕਾ ਦੇ ਹਾਰਮੋਨਾਈਜ਼ਡ ਟੈਰਿਫ ਸ਼ਡਿਊਲ ਨੂੰ ਸੋਧਣਾ ਜ਼ਰੂਰੀ ਨਿਰਧਾਰਤ ਕੀਤਾ ਹੈ। ਨਵੀਆਂ ਡਿਊਟੀਆਂ 27 ਅਗਸਤ ਤੋਂ ਲਾਗੂ ਹੋਣਗੀਆਂ। ਉਸ ਦਿਨ ਪੂਰਬੀ ਦਿਨ ਦੇ ਪ੍ਰਕਾਸ਼ ਸਮੇਂ 12:01 ਵਜੇ ਤੋਂ ਉੱਚ ਟੈਰਿਫ ਭਾਰਤ ਦੇ ਉਨ੍ਹਾਂ ਸਾਰੇ ਉਤਪਾਦਾਂ 'ਤੇ ਲਾਗੂ ਹੋਣਗੇ, ਜੋ ਜਾਂ ਤਾਂ ਅਮਰੀਕਾ ਵਿੱਚ ਖਪਤ ਲਈ ਦਾਖਲ ਕੀਤੇ ਜਾਂਦੇ ਹਨ ਜਾਂ ਖਪਤ ਲਈ ਗੋਦਾਮਾਂ ਤੋਂ ਵਾਪਸ ਲਏ ਜਾਂਦੇ ਹਨ। ਇਸ ਤੋਂ ਪਹਿਲਾਂ 30 ਜੁਲਾਈ ਨੂੰ ਟਰੰਪ ਨੇ ਭਾਰਤ 'ਤੇ 25 ਫੀਸਦੀ ਵਾਧੂ ਟੈਰਿਫ ਲਗਾਉਣ ਦਾ ਐਲਾਨ ਕੀਤਾ ਸੀ। ਟਰੰਪ ਨੇ ਸੋਮਵਾਰ ਉਨ੍ਹਾਂ ਦੇਸ਼ਾਂ ਨੂੰ ਧਮਕੀ ਦਿੱਤੀ, ਜਿੱਥੇ ਡਿਜੀਟਲ ਟੈਕਸ ਲਾਗੂ ਹਨ। ਟਰੰਪ ਨੇ ਕਿਹਾ ਕਿ ਜੇ ਇਹ ਮੁਲਕ ਅਜਿਹੇ ਕਾਨੂੰਨ ਨਹੀਂ ਹਟਾਉਂਦੇ ਹਨ ਤਾਂ ਉਨ੍ਹਾਂ ਵੱਲੋਂ ਬਰਾਮਦ ਵਸਤਾਂ 'ਤੇ 'ਵਾਧੂ ਟੈਰਿਫ' ਲਗਾਏ ਜਾਣਗੇ।

ਸੂਤਰਾਂ ਨੇ ਪਹਿਲਾਂ ਕਿਹਾ ਸੀ ਕਿ ਟਰੰਪ ਪ੍ਰਸ਼ਾਸਨ ਯੂਰਪੀਅਨ ਯੂਨੀਅਨ ਜਾਂ ਬਲਾਕ ਦੇ ਇਤਿਹਾਸਕ ਡਿਜੀਟਲ ਸੇਵਾਵਾਂ ਐਕਟ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਮੈਂਬਰ ਰਾਜ ਅਧਿਕਾਰੀਆਂ 'ਤੇ ਪਾਬੰਦੀਆਂ ਲਗਾਉਣ ਬਾਰੇ ਵਿਚਾਰ ਕਰ ਰਿਹਾ ਹੈ। ਬਹੁਤ ਸਾਰੇ ਦੇਸ਼ਾਂ ਨੇ, ਖਾਸ ਕਰਕੇ ਯੂਰਪ ਵਿੱਚ ਡਿਜੀਟਲ ਸੇਵਾ ਪ੍ਰੋਵਾਈਡਰਾਂ ਦੇ ਵਿਕਰੀ ਮਾਲੀਏ 'ਤੇ ਟੈਕਸ ਲਗਾਏ ਹਨ, ਜਿਨ੍ਹਾਂ ਵਿੱਚ ਅਲਫਾਬੇਟ ਦਾ ਗੂਗਲ, ਮੈਟਾ ਦਾ ਫੇਸਬੁਕ, ਐਪਲ ਅਤੇ ਐਮਾਜ਼ਾਨ ਸ਼ਾਮਲ ਹਨ। ਇਹ ਮੁੱਦਾ ਕਈ ਅਮਰੀਕੀ ਪ੍ਰਸ਼ਾਸਨ ਲਈ ਲੰਮੇ ਸਮੇਂ ਤੋਂ ਵਪਾਰ ਪਰੇਸ਼ਾਨੀ ਵਾਲਾ ਰਿਹਾ ਹੈ।

ਟਰੰਪ ਨੇ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ, 'ਇਸ ਸੱਚਾਈ ਦੇ ਨਾਲ ਮੈਂ ਡਿਜੀਟਲ ਟੈਕਸ, ਕਾਨੂੰਨ, ਨਿਯਮ ਜਾਂ ਨਿਯਮ ਵਾਲੇ ਸਾਰੇ ਦੇਸ਼ਾਂ ਨੂੰ ਸੂਚਿਤ ਕਰਦ ਹਾਂ ਕਿ, ਜਦੋਂ ਤੱਕ ਇਨ੍ਹਾਂ ਪੱਖਪਾਤੀ ਕਾਰਵਾਈਆਂ ਨੂੰ ਹਟਾਇਆ ਨਹੀਂ ਜਾਂਦਾ, ਮੈਂ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਉਸ ਦੇਸ਼ ਵੱਲੋਂ ਅਮਰੀਕਾ ਨੂੰ ਬਰਾਮਦ ਵਸਤਾਂ 'ਤੇ ਵਾਧੂ ਟੈਰਿਫ ਲਗਾਵਾਂਗਾ ਅਤੇ ਸਾਡੀ ਉੱਚ ਸੁਰੱਖਿਅਤ ਤਕਨਾਲੋਜੀ ਅਤੇ ਚਿੱਪਾਂ ਦੀ ਬਰਾਮਦ 'ਤੇ ਪਾਬੰਦੀਆਂ ਸਥਾਪਤ ਕਰਾਂਗਾ।'

ਦਿੱਲੀ ਦੇ ਸਾਬਕਾ ਮੰਤਰੀ 'ਤੇ ਛਾਪੇ

ਨਵੀਂ ਦਿੱਲੀ : ਈ ਡੀ ਨੇ ਮੰਗਲਵਾਰ ਕੌਮੀ ਰਾਜਧਾਨੀ ਵਿੱਚ ਕਥਿਤ ਹਸਪਤਾਲ ਨਿਰਮਾਣ ਘੁਟਾਲੇ ਦੀ ਮਨੀ ਲਾਂਡਰਿੰਗ ਜਾਂਚ ਦੀ ਕੜੀ ਵਜੋਂ ਦਿੱਲੀ ਦੇ ਸਾਬਕਾ ਮੰਤਰੀ ਸੌਰਭ ਭਾਰਦਵਾਜ ਦੀ ਰਿਹਾਇਸ਼ ਸਮੇਤ 13 ਥਾਵਾਂ 'ਤੇ ਛਾਪੇ ਮਾਰੇ। ਈ ਡੀ ਦੀਆਂ ਟੀਮਾਂ ਨੇ ਨਿੱਜੀ ਠੇਕੇਦਾਰਾਂ ਦੇ ਅਹਾਤਿਆਂ ਦੀ ਵੀ ਜਾਂਚ ਕੀਤੀ। ਇਹ ਮਾਮਲਾ ਸ਼ੁਰੂ ਵਿੱਚ ਵਿਰੋਧੀ ਧਿਰ ਦੇ ਤਤਕਾਲੀ ਆਗੂ ਅਤੇ ਮੌਜੂਦਾ ਦਿੱਲੀ ਵਿਧਾਨ ਸਭਾ ਦੇ ਸਪੀਕਰ ਵਿਜੇਂਦਰ ਗੁਪਤਾ ਦੀ ਸ਼ਿਕਾਇਤ ਨਾਲ ਸ਼ੁਰੂ ਹੋਇਆ ਸੀ, ਜਿਸ ਵਿੱਚ 'ਆਪ' ਦੀ ਅਗਵਾਈ ਵਾਲੀ ਸਰਕਾਰ ਅਧੀਨ ਹਸਪਤਾਲ ਪ੍ਰੋਜੈਕਟਾਂ ਵਿੱਚ ਗੰਭੀਰ ਬੇਨਿਯਮੀਆਂ ਦਾ ਜ਼ਿਕਰ ਕੀਤਾ ਗਿਆ ਸੀ।

'ਆਪ' ਦੇ ਸੀਨੀਅਰ ਨੇਤਾ ਮਨੀਸ਼ ਸਿਸੋਦੀਆ ਨੇ ਕਿਹਾ ਕਿ ਜਦੋਂ ਇਹ ਕੇਸ ਦਾਇਰ ਕੀਤਾ ਗਿਆ ਸੀ ਤਾਂ ਭਾਰਦਵਾਜ ਮੰਤਰੀ ਵੀ ਨਹੀਂ ਸਨ। ਪੂਰਾ ਕੇਸ ਝੂਠਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਐੱਕਸ ਅਕਾਊਂਟ ਉੱਤੇ ਲਿਖਿਆ, 'ਅੱਜ ਸੌਰਭ ਭਾਰਦਵਾਜ 'ਤੇ ਰੇਡ ਕੀਤੀ ਗਈ, ਕਿਉਂਕਿ ਕੱਲ੍ਹ ਤੋਂ ਪੂਰੇ ਦੇਸ਼ ਵਿੱਚ ਮੋਦੀ ਜੀ ਦੀ ਡਿਗਰੀ ਨੂੰ ਲੈ ਚਰਚਾ ਹੈ। ਇਹ ਰੇਡ ਸਿਰਫ ਇਸ ਮਾਮਲੇ ਤੋਂ ਧਿਆਨ ਭਟਕਾਉਣ ਲਈ ਕੀਤੀ ਗਈ ਹੈ।'

ਮੋਗਾ ਦੇ ਜਥੇ ਦਾ ਲੁਧਿਆਣਾ ਜ਼ਿਲ੍ਹੇ 'ਚ ਨਿੱਘਾ ਸਵਾਗਤ

ਚੌਕੀਮਾਨ/ਬੱਧਨੀ ਕਲਾਂ/ਲੁਧਿਆਣਾ (ਬਲਬੀਰ ਸਿੰਘ ਮਾਨ/ਮਨੋਜ/ਐੱਮ ਐੱਸ ਭਾਟੀਆ)

ਭਾਰਤੀ ਕਮਿਊਨਿਸਟ ਪਾਰਟੀ ਦੀ 25ਵੀਂ ਕਾਂਗਰਸ ਦੇ ਸੰਬੰਧ 'ਚ 21 ਅਗਸਤ ਤੋਂ ਹੁਸੈਨੀਵਾਲਾ ਤੋਂ ਚੱਲੇ ਚੇਤਨਾ ਜਥਾ ਮਾਰਚ ਦਾ ਮੰਗਲਵਾਰ ਜਗਰਾਉਂ ਪੁੱਜਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਇਹ ਮਾਰਚ ਹੁਸੈਨੀਵਾਲਾ, ਫਿਰੋਜ਼ਪੁਰ, ਅਬੋਹਰ, ਫਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ, ਫਰੀਦਕੋਟ, ਮੋਗਾ ਹੁੰਦਾ ਹੋਇਆ ਬਰਾਸਤਾ ਬੁੱਗੀਪੁਰਾ, ਬੱਧਨੀ, ਢੁੱਡੀਕੇ, ਚੂਹੜ ਚੱਕ ਆਦਿ ਪਿੰਡਾਂ ਅੰਦਰ ਜਾਗਦੀ ਜਮੀਰ ਵਾਲੇ ਲੋਕਾਂ 'ਚ ਜਾਗਰਤੀ ਪੈਦਾ ਕਰਦਾ ਹੋਇਆ ਕਰੀਬ 12 ਵਜੇ ਪਿੰਡ ਨਵਾਂ ਚੂਹੜ ਚੱਕ, ਮੋਗਾ-ਲੁਧਿਆਣਾ ਨੈਸ਼ਨਲ ਹਾਈਵੇ 'ਤੇ ਪੁੱਜਿਆ, ਜਿੱਥੇ ਜਗਰਾਉਂ ਦੀ ਰੋਡਵੇਜ਼, ਬਿਜਲੀ ਬੋਰਡ, ਆਸ਼ਾ ਵਰਕਰ, ਖੇਤ ਮਜ਼ਦੂਰ ਯੂਨੀਅਨ, ਸਮੂਹ ਕਿਸਾਨ ਜਥੇਬੰਦੀਆਂ ਤੇ ਹੋਰ ਸਹਿਯੋਗੀ ਜਥੇਬੰਦੀਆਂ ਨੇ ਗਰਮਜੋਸ਼ੀ ਨਾਲ ਸੁਖਜਿੰਦਰ ਸਿੰਘ ਮਹੇਸ਼ਰੀ ਦੀ ਅਗਵਾਈ ਵਿੱਚ ਪੁੱਜੇ ਚੇਤਨਾ ਜਥਾ ਮਾਰਚ ਦਾ ਨਿੱਘਾ ਸਵਾਗਤ ਕਰਦਿਆਂ ਲਾਲਾ ਲਾਜਪਤ ਰਾਏ ਦੇ ਬੁੱਤ ਨੂੰ ਨਤਮਸਤਕ ਹੁੰਦਿਆਂ ਚੇਤਨਾ ਰੈਲੀ ਕੀਤੀ, ਜਿਸ ਵਿੱਚ ਸੀ ਪੀ ਆਈ ਦੇ ਆਗੂ ਚਮਕੌਰ ਸਿੰਘ ਬਰਮੀ, ਡੀ ਪੀ ਮੌੜ, ਡਾਕਟਰ ਰਜਿੰਦਰ ਪਾਲ ਔਲਖ, ਮਨਿੰਦਰ ਭਾਟੀਆ, ਚਮਕੌਰ ਸਿੰਘ ਦੌਧਰ, ਜਗਦੀਸ਼ ਸਿੰਘ, ਅਵਤਾਰ ਸਿੰਘ ਗਗੜਾ, ਬਲਵੀਰ ਸਿੰਘ ਮਾਨ, ਹੁਕਮ ਰਾਜ ਦੇਹੜਕਾ, ਕੇਵਲ ਸਿੰਘ ਬਨਵੈਤ ਆਦਿ ਨੇ 21 ਸਤੰਬਰ ਦੀ ਚੰਡੀਗੜ੍ਹ ਰੈਲੀ ਨੂੰ ਕਾਮਯਾਬ ਕਰਨ ਦਾ ਹੋਕਾ ਦਿੱਤਾ। ਉਹਨਾਂ ਆਉਣ ਦਿਨਾਂ ਅੰਦਰ ਤਿੱਖੇ ਸੰਘਰਸ਼ਾਂ ਲਈ ਆਸ਼ਾ ਵਰਕਰ, ਰੋਡਵੇਜ਼, ਬਿਜਲੀ ਬੋਰਡ ਮੁਲਾਜ਼ਮ ਤੇ ਪੈਨਸ਼ਨਰ, ਮੰਡੀਕਰਨ ਬੋਰਡ ਤੇ ਹੋਰ ਕਾਮਿਆਂ ਨੂੰ ਸੱਦਾ ਦਿੱਤਾ। ਆਏ ਸਾਥੀਆਂ ਦਾ ਧੰਨਵਾਦ ਕਰਦੇ ਸਵਰਨ ਸਿੰਘ ਠਠੂਰ ਤੇ ਭਰਪੂਰ ਸਿੰਘ ਸਵੱਦੀ ਨੇ ਆਖਿਆ ਕਿ ਪਾਰਟੀ ਨੂੰ ਕਾਮਯਾਬ ਕਰਨ ਲਈ ਨੌਜਵਾਨੀ ਨੂੰ ਨਾਲ ਲਿਆ ਜਾਵੇ।

ਇਸ ਮੌਕੇ ਸ਼ਹੀਦ ਕਾਮਰੇਡ ਅਵਤਾਰ ਸਿੰਘ ਉਬਰਾਏ ਦੇ ਪਰਵਾਰ ਵੱਲੋਂ ਪਾਰਟੀ ਲਈ ਦਿੱਤੀ ਗਈ 50 ਹਜ਼ਾਰ ਰੁਪਏ ਦੀ ਸਹਾਇਤਾ ਡੀ ਪੀ ਮੌੜ ਜ਼ਿਲ੍ਹਾ ਸਕੱਤਰ ਨੂੰ ਸੌਂਪੀ। ਇਸ ਮੌਕੇ ਬਿਜਲੀ ਬੋਰਡ ਦੇ ਪੈਨਸ਼ਨਰ ਪ੍ਰਧਾਨ ਸਰਕਲ ਮਨਜੀਤ ਸਿੰਘ ਮਨਸੂਰਾਂ ਦੀ ਅਗਵਾਈ ਵਿੱਚ ਜੋਗਿੰਦਰ ਕੁਮਾਰ ਚੀਮਨਾਂ, ਗੁਰਚਰਨ ਸਿੰਘ, ਗੁਰਮੇਲ ਸਿੰਘ, ਹਰਚੰਦ ਸਿੰਘ, ਮਨਜੀਤ ਸਿੰਘ, ਜਸਵਿੰਦਰ ਸਿੰਘ ਰਾਣਾ, ਸੁੱਚਾ ਸਿੰਘ, ਹਰਦਿਆਲ ਸਿੰਘ ਘੁਮਾਣ, ਜਸਮੇਲ ਸਿੰਘ ਮੋਹੀ, ਰਸ਼ਪਾਲ ਸਿੰਘ ਪਾਲੀ, ਸੋਬਨ ਸਿੰਘ, ਮਨਿੰਦਰ ਭਾਟੀਆ ਅਤੇ ਜਗਰਾਉਂ ਤੋਂ ਰੋਡਵੇਜ਼ ਦੇ ਪੈਨਸ਼ਨਰ ਤੇ ਮੁਲਾਜ਼ਮ ਸਾਥੀ ਦਲਜੀਤ ਸਿੰਘ ਚੂਹੜ ਚੱਕ, ਹਰਪਾਲ ਸਿੰਘ, ਅਮਰਜੀਤ ਕੌਰ ਡੱਲਾ, ਜਸਵੀਰ ਕੌਰ ਕਾਉਂਕੇ, ਗੁਰਦੇਵ ਸਿੰਘ, ਹਰਨੇਕ ਸਿੰਘ ਭੁੱਲਰ, ਧਰਮ ਸਿੰਘ, ਚੇਤ ਸਿੰਘ, ਜਗਸੀਰ ਸਿੰਘ, ਬਲਜੀਤ ਸਿੰਘ ਬਿੱਲੂ ਆਦਿ ਇਸ ਮੌਕੇ ਹਾਜ਼ਰ ਸਨ। ਰੈਲੀ ਨੂੰ ਸਮਾਪਤ ਕਰਨ ਤੋਂ ਬਾਅਦ ਆਏ ਸਾਥੀਆਂ ਲਈ ਚਾਹ-ਪਾਣੀ ਦਾ ਪ੍ਰਬੰਧ ਜਗਰਾਉਂ ਦੇ ਸਾਥੀਆਂ ਨੇ ਕੀਤਾ ਤੇ ਚਾਹ-ਪਾਣੀ ਪੀਣ ਤੋਂ ਉਪਰੰਤ ਜੱਥਾ ਚਮਕੌਰ ਸਿੰਘ, ਡੀਪ ੀ ਮੌੜ ਤੇ ਮਨਿੰਦਰ ਸਿੰਘ ਭਾਟੀਆ ਦੀ ਅਗਵਾਈ ਵਿੱਚ ਚਾਲੇ ਪਾ ਗਿਆ, ਜਿੱਥੇ ਮੁੱਲਾਂਪੁਰ ਦਾਖਾ ਦੇ ਬਾਜ਼ਾਰ ਵਿੱਚ ਮਾਰਚ ਕਰਦੇ ਹੋਏ ਲੁਧਿਆਣਾ ਚੁੰਗੀ ਨੇੜੇ ਐੱਮ ਬੀ ਡੀ ਮਾਲ ਦੇ ਸਾਹਮਣੇ ਪੁੱਜਾ, ਜਿੱਥੇ ਲੁਧਿਆਣਾ ਤੋਂ ਪਹੁੰਚੇ ਸਾਥੀਆਂ ਨੇ ਜਥੇ ਦਾ ਨਿੱਘਾ ਸਵਾਗਤ ਕੀਤਾ। ਡਾਕਟਰ ਅਰੁਣ ਮਿੱਤਰਾ ਦੀ ਅਗਵਾਈ ਵਿੱਚ ਬੁਲਾਰਿਆਂ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ 21 ਸਤੰਬਰ ਦੀ ਰੈਲੀ ਨੂੰ ਕਾਮਯਾਬ ਕਰਨ ਲਈ ਸੱਦਾ ਦਿੰਦਿਆਂ ਜੱਥਾ ਆਰਤੀ ਚੌਕ, ਘੁਮਾਰ ਮੰਡੀ, ਫੁਹਾਰਾ ਚੌਕ, ਭਾਰਤ ਨਗਰ ਚੌਕ ਹੁੰਦਾ ਹੋਇਆ ਜਗਰਾਉਂ ਪੁਲ 'ਤੇ ਪਹੁੰਚ ਕੇ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸਮਾਰਕ ਨੂੰ ਨਤਮਸਤਕ ਹੋ ਕੇ ਜਥੇ ਦੀ ਸਮਾਪਤੀ ਕੀਤੀ ਗਈ। ਇਹ ਜਥਾ ਬੁੱਧਵਾਰ ਲੁਧਿਆਣਾ ਤੋਂ ਚੱਲ ਕੇ ਦੋਰਾਹਾ, ਕੱਦ

27-AUG-PAGE-1.qxd 8/26/2025 9:22 PM Page 2

ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ 13-14 ਨੂੰ ਦਿੱਤੇ ਜਾਣਗੇ ਮੰਤਰੀਆਂ ਨੂੰ ਰੋਸ ਪੱਤਰ

5 ਅਕਤੂਬਰ ਨੂੰ ਮੁੱਖ ਮੰਤਰੀ ਦੇ ਹਲਕੇ 'ਚ ਹੋਵੇਗੀ ਸੂਬਾ ਪੱਧਰੀ ਰੈਲੀ : ਭਜਨ ਗਿੱਲ

ਮੋਗਾ (ਇਕਬਾਲ ਸਿੰਘ ਖਹਿਰਾ)-ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ (ਰਜਿ:) ਪੰਜਾਬ ਦੇ ਸੂਬਾ ਪ੍ਰਧਾਨ, ਮੁਲਾਜ਼ਮ ਪੈਨਸ਼ਨਰਜ਼ ਸਾਂਝਾ ਫਰੰਟ ਦੇ ਸੂਬਾ ਕਨਵੀਨਰ ਭਜਨ ਸਿੰਘ ਗਿੱਲ ਨੇ ਦੱਸਿਆ ਕਿ ਸਾਂਝਾ ਫਰੰਟ ਦੀ ਲੁਧਿਆਣਾ ਵਿਖੇ ਹੋਈ ਸੂਬਾ ਪੱਧਰੀ ਮੀਟਿੰਗ ਦੇ ਫੈਸਲੇ ਤਨਦੇਹੀ ਨਾਲ ਲਾਗੂ ਕਰਨ ਲਈ, ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਸੂਬਾ ਕਮੇਟੀ ਦੀ ਮੀਟਿੰਗ 9 ਸਤੰਬਰ ਨੂੰ ਮੋਗਾ ਦੇ ਸੁਤੰਤਰਤਾ ਸੈਨਾਨੀ ਭਵਨ ਵਿਖੇ 11 ਵਜੇ ਸੱਦ ਲਈ ਗਈ ਹੈ।ਪੰਜਾਬ ਦੇ ਵੱਖ ਵੱਖ ਮੰਤਰੀਆਂ ਨੂੰ ਵੱਡੀ ਗਿਣਤੀ ਵਿੱਚ ਮਾਸ ਡੈਪੂਟੇਸ਼ਨਾਂ ਰਾਹੀਂ 13 ਤੇ 14 ਸਤੰਬਰ ਨੂੰ ਰੋਸ ਪੱਤਰ ਸੌਂਪ ਕੇ ਕੈਬਨਿਟ ਸਬ ਕਮੇਟੀ ਦੁਆਰਾ ਮੀਟਿੰਗਾਂ ਦੇ ਕੇ, ਮੀਟਿੰਗਾਂ ਦੀਆਂ ਤਰੀਕਾਂ ਲਗਾਤਾਰ ਅੱਗੇ ਪਾਉਣ ਖਿਲਾਫ਼ ਸਾਂਝਾ ਫਰੰਟ ਵੱਲੋਂ ਆਪਣਾ ਗੁੱਸਾ ਤੇ ਰੋਸ ਜ਼ਾਹਰ ਕੀਤਾ ਜਾਵੇਗਾ, ਜਿਸ ਵਿੱਚ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਜਥੇਬੰਦੀ ਦੇ ਹਰ ਜ਼ਿਲ੍ਹੇ ਤੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨ ਲਈ ਜ਼ਿਲ੍ਹਿਆਂ ਦੀ ਵੰਡ ਕਰ ਦਿੱਤੀ ਗਈ ਹੈ।ਸੂਬਾ ਆਗੂਆਂ ਹਰਜੀਤ ਸਿੰਘ ਤਰਖਾਣ ਮਾਜਰਾ, ਸੁੱਚਾ ਸਿੰਘ ਕਪੂਰ ਬਲਾ, ਨਰਿੰਦਰ ਸਿੰਘ ਗੰਗੋਲੀ, ਇੰਦਰਜੀਤ ਸਿੰਘ ਖੀਵਾ, ਗੁਰਪ੍ਰਤਾਪ ਸਿੰਘ ਫਿਰੋਜ਼ਪੁਰ, ਬੂਟਾ ਸਿੰਘ ਚਿਮਨੇ ਵਾਲਾ, ਦਰਸ਼ਨ ਸਿੰਘ ਉਟਾਲ, ਕੁਲਵੰਤ ਸਿੰਘ ਅਹਿਮਦ ਗੜ੍ਹ ਮੰਡੀ, ਰਣਜੀਤ ਸਿੰਘ ਮਲੋਟ, ਆਤਮ ਤੇਜ ਸ਼ਰਮਾ, ਜਸਵਿੰਦਰ ਸਿੰਘ ਮੋਲੋਵਾਲ, ਸੁਖਦੇਵ ਸਿੰਘ ਮੋਗਾ ਤੇ ਸੱਤ ਪ੍ਰਕਾਸ਼ ਪਠਾਨਕੋਟ ਨੇ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਦੇ ਬਿਮਾਰੀ 'ਤੇ ਹੋਏ ਖਰਚੇ ਦੇ ਮੈਡੀਕਲ ਪ੍ਰਤੀ ਪੂਰਤੀ ਲਈ ਬੱਜਟ ਜਾਰੀ ਕਰਨ ਵਿੱਚ ਦੇਰੀ ਹੋਣ ਕਰਕੇ ਬੁੱਢਾਪਾ ਹੰਢਾ ਰਹੇ ਬੀਮਾਰ ਪੈਨਸ਼ਨਰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ, ਜਿਸ ਕਰਕੇ ਜਥੇਬੰਦੀ ਨੇ ਮੰਗ ਕੀਤੀ ਹੈ ਕਿ ਲੋੜੀਂਦਾ ਬੱਜਟ ਤੁਰੰਤ ਜਾਰੀ ਕਰਕੇ ਦਫ਼ਤਰਾਂ ਵਿੱਚ ਬੱਜਟ ਦੀ ਉਡੀਕ 'ਚ ਰੁਲ ਰਹੇ ਬਿੱਲਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ।

ਹਰਭਜਨ ਸਿੰਘ ਅਜਨੋਹਾ, ਸੁੱਚਾ ਸਿੰਘ ਸੁਲਤਾਨਪੁਰ ਲੋਧੀ, ਗੁਰਮੀਤ ਸਿੰਘ ਜੈਤੋ, ਸੁਭਾਸ਼ ਚੰਦਰ ਕੋਟਕਪੂਰਾ, ਅਸ਼ੋਕ ਕੁਮਾਰ ਗਿੱਦੜਬਾਹਾ, ਟਹਿਲ ਸਿੰਘ ਸੈਣੀ, ਸੂਬਾ ਜਨਰਲ ਸਕੱਤਰ ਸੁਰਿੰਦਰ ਰਾਮ ਕੁੱਸਾ ਤੇ ਸੂਬਾ ਪ੍ਰੈੱਸ ਸਕੱਤਰ ਸੁਲੱਖਣ ਸਿੰਘ, ਜ਼ਿਲ੍ਹਾ ਮੋਗਾ ਦੇ ਪ੍ਰੈੱਸ ਸਕੱਤਰ ਗਿਆਨ ਸਿੰਘ ਸਾਬਕਾ ਡੀ ਪੀ ਆਰ ਓ ਨੇ ਦੱਸਿਆ ਕਿ ਅਜੇ ਤੱਕ ਬਹੁਤੇ ਬੈਂਕਾਂ ਨੇ ਪੈਨਸ਼ਨਰਾਂ, ਫੈਮਲੀ ਪੈਨਸ਼ਨਰਾਂ ਤੇ ਰੱਬ ਨੂੰ ਪਿਆਰੇ ਹੋ ਗਏ ਪੈਨਸ਼ਨਰਾਂ ਦੇ ਵਾਰਸਾਂ ਨੂੰ ਛੇਵੇਂ ਪੇ ਕਮਿਸ਼ਨ ਦੇ ਬਕਾਏ ਦੀਆਂ ਕਿਸ਼ਤਾਂ ਹੀ ਨਹੀਂ ਪਾਈਆਂ, ਜਿਸ ਕਰਕੇ ਪੈਨਸ਼ਨਰਾਂ, ਫੈਮਲੀ ਪੈਨਸ਼ਨਰਾਂ ਤੇ ਵਾਰਸਾਂ ਨੂੰ ਵਾਰ ਵਾਰ ਜਥੇਬੰਦੀ ਰਾਹੀਂ ਬੈਂਕਾਂ ਵਿੱਚ ਧੱਕੇ ਖਾਣ ਲਈ ਮਜਬੂਰ ਹੋਣਾ ਪੈ ਰਿਹਾ ਹੈ।ਸੁਬੇਗ ਸਿੰਘ, ਅਜੀਤ ਸਿੰਘ ਸੋਢੀ, ਜਸਵਿੰਦਰ ਸਿੰਘ ਆਹਲੂਵਾਲੀਆ, ਹਰਚੰਦ ਸਿੰਘ ਪੰਜੌਲੀ, ਗੁਰਦੀਪ ਸਿੰਘ ਜਲਾਲਾਬਾਦ, ਗੁਰਦੀਪ ਸਿੰਘ ਕਪੂਰਥਲਾ, ਸਰਬਜੀਤ ਦੌਧਰ, ਦੇਸ ਰਾਜ ਗਾਂਧੀ, ਰਾਮਦਾਸ ਪਠਾਨ ਕੋਟ, ਹਰਦੇਵ ਸਿੰਘ ਜਵੰਧਾ, ਕਰਮ ਸਿੰਘ ਮਾਨ ਤੇ ਹੋਰ ਜ਼ਿਲ੍ਹਾ ਸੂਬਾ ਆਗੂਆਂ ਨੇ ਪੈਨਸ਼ਨਰਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਜੇ ਚਾਹੁੰਦੇ ਹੋ ਕਿ ਬਕਾਇਆ ਯਕਮੁਸ਼ਤ ਜਾਰੀ ਹੋਵੇ, ਡੀ ਏ ਜੋ 15% ਘੱਟ ਮਿਲ ਰਿਹਾ ਹੈ ਉਹ ਪ੍ਰਾਪਤ ਹੋ ਸਕੇ, ਛੇਵੇਂ ਪੇ ਕਮਿਸ਼ਨ ਅਨੁਸਾਰ 2.59 ਦਾ ਗੁਣਾਂਕ ਲਾਗੂ ਹੋਵੇ, ਕੈਸ਼ਲੈੱਸ ਹੈਲਥ ਸਕੀਮ ਲਾਗੂ ਹੋਵੇ ਆਦਿ ਮੰਗਾਂ ਦੀ ਪ੍ਰਾਪਤੀ ਲਈ ਸਾਂਝੇ ਸੰਘਰਸ਼ਾਂ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਜਾਵੇ।

ਮਨੀਸ਼ ਸਿਸੋਦੀਆ ਦੇ ਵਿਵਾਦਪੂਰਨ ਬਿਆਨ 'ਤੇ ਡੀ ਸੀ ਤੇ ਐੱਸ ਐੱਸ ਪੀ ਨੂੰ ਸੌਂਪਿਆ ਪੱਤਰ

ਮੋਗਾ (ਇਕਬਾਲ ਸਿੰਘ ਖਹਿਰਾ)-ਆਪ ਪੰਜਾਬ ਦੇ ਇੰਚਾਰਜ ਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੀ ਪੰਜਾਬ ਵਿਧਾਨ ਸਭਾ ਚੋਣਾਂ-2027 ਸਬੰਧੀ ਸਾਮ, ਦਾਮ, ਦੰਡ, ਭੇਦ ਵਾਲੀ ਵਾਇਰਲ ਵੀਡੀਓ ਨੇ ਪਾਰਟੀ ਤੇ ਸਰਕਾਰ ਲਈ ਕਸੂਤੀ ਸਥਿਤੀ ਪੈਦਾ ਕਰ ਦਿੱਤੀ ਹੈ।ਸੂਬੇ ਦੀਆਂ ਸਿਆਸੀ ਪਾਰਟੀਆਂ ਨੇ ਇਸ ਆਪ ਆਗੂ 'ਤੇ ਹਮਲਾਵਰ ਰੁਖ਼ ਅਪਣਾਇਆ ਹੋਇਆ ਹੈ।ਇਸ ਸਬੰਧੀ ਮੋਗਾ ਜ਼ਿਲ੍ਹੇ ਦੇ ਕਾਂਗਰਸ ਆਗੂਆਂ ਨੇ ਡਿਪਟੀ ਕਮਿਸ਼ਨਰ ਤੇ ਐੱਸ ਐੱਸ ਪੀ ਮੋਗਾ ਨੂੰ ਸ਼ਿਕਾਇਤ ਦਿੱਤੀ।ਇਸ ਮੌਕੇ ਸੰਬੋਧਨ ਕਰਦਿਆਂ ਜ਼ਿਲ੍ਹਾ ਕਾਂਗਰਸ ਪ੍ਰਧਾਨ ਸਾਬਕਾ ਵਿਧਾਇਕ ਸੁਖਜੀਤ ਸਿੰਘ ਕਾਕਾ ਲੋਹਗੜ੍ਹ ਨੇ ਕਿਹਾ ਕਿ ਮਨੀਸ਼ ਸਿਸੋਦੀਆ ਦਾ ਭਾਸ਼ਣ ਭਾਰਤ ਦੇ ਸੰਵਿਧਾਨ ਦੀ ਪ੍ਰਤੱਖ ਉਲੰਘਣਾ ਹੈ। ਇਹ ਨਿਰਪੱਖ ਚੋਣਾਂ ਦੀ ਪਵਿੱਤਰਤਾ ਨੂੰ ਖ਼ਤਮ ਕਰਨ ਦੀ ਸਿੱਧੇ ਤੌਰ 'ਤੇ ਕੋਸ਼ਿਸ਼ ਹੈ, ਜਿਸ ਨੂੰ ਕਾਂਗਰਸ ਪਾਰਟੀ ਕਦੇ ਵੀ ਸਫਲ ਨਹੀਂ ਹੋਣ ਦੇਵੇਗੀ।ਉਨ੍ਹਾਂ ਕਿਹਾ ਕਿ ਆਮ ਚੋਣਾਂ ਜਿੱਤਣਾ ਹਰੇਕ ਪਾਰਟੀ ਦਾ ਵਿਜ਼ਨ ਹੁੰਦਾ ਹੈ, ਪਰ ਚੋਣਾਂ ਜਿੱਤਣ ਲਈ ਭਾਈਚਾਰਕ ਸਾਂਝ ਨੂੰ ਤੋੜਨ ਵਰਗੀਆਂ ਗੱਲਾਂ ਕਰਨੀਆਂ ਸੁਹਿਰਦ ਨਹੀਂ।ਆਗੂਆਂ ਨੇ ਚੋਣ ਕਮਿਸ਼ਨ ਤੋਂ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ।ਇਸ ਮੌਕੇ ਉਨ੍ਹਾਂ ਨਾਲ ਸੂਬਾ ਕਾਂਗਰਸ ਆਗੂ ਮਨਜੀਤ ਸਿੰਘ ਮਾਨ ਕਾਂਗਰਸ ਆਗੂਆਂ ਓਪਿੰਦਰ ਗਿੱਲ, ਜ਼ਿਲ੍ਹਾ ਯੂਥ ਕਾਂਗਰਸ ਪ੍ਰਧਾਨ ਸੋਹਣ ਸਿੰਘ ਖੇਲ੍ਹਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਾਂਗਰਸ ਆਗੂਆਂ ਹਾਜ਼ਰ ਸਨ।ਇਸ ਮੌਕੇ ਕਾਂਗਰਸੀ ਆਗੂਆਂ ਨੂੰ ਐੱਸ ਡੀ ਐੱਮ ਮੋਗਾ ਸਾਰੰਗਪ੍ਰੀਤ ਸਿੰਘ ਔਜਲਾ ਨੇ ਮੰਗ ਪੱਤਰ ਚੋਣ ਕਮਿਸ਼ਨ ਤੱਕ ਪਹੁੰਚਾਉਣ ਦਾ ਭਰੋਸਾ ਦਿੱਤਾ।

ਦਿਵਯ ਜਯੋਤੀ ਜਾਗ੍ਰਤੀ ਸੰਸਥਾ ਵੱਲੋਂ ਸੰਧਿਆ ਫੇਰੀ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਦੁਆਰਾ ਬੀਤੇ ਦਿਨ ਸੋਮਵਾਰ ਨੂੰ ਪੰਚਮੁਖੀ ਮੰਦਰ ਕਮੇਟੀ, ਸਮਾਣਾ ਦੇ ਸਹਿਯੋਗ ਦੁਆਰਾ ਸਮਾਣਾ ਸ਼ਹਿਰ ਵਿੱਚ ਸੰਧਿਆ ਫੇਰੀ ਕੱਢੀ ਗਈ, ਜਿਸ ਦਾ ਸਮਾਪਨ ਮੰਦਰ ਤੋਂ ਸ਼ੁਰੂ ਹੋ ਕੇ ਸਿਨੇਮਾ ਚੌਕ ਵਿਖੇ ਹੋਇਆ।ਨਗਰ ਨਿਵਾਸਿਆਂ ਨੇ ਆਪਣੇ ਘਰਾਂ ਵਿੱਚੋਂ ਬਾਹਰ ਨਿਕਲ ਕੇ ਸੰਧਿਆਫੇਰੀ ਵਿੱਚ ਸ਼ਿਰਕਤ ਕੀਤੀ ਤੇ ਪਭੂ ਦਾ ਪਾਵਨ ਆਸ਼ੀਰਵਾਦ ਪ੍ਰਾਪਤ ਕੀਤਾ।ਇੱਥੇ ਸੰਸਥਾਨ ਇਕ ਡੂੰਘਾ ਸੰਦੇਸ਼ ਦੇ ਰਿਹਾ ਹੈ ਕਿ ਜਿੱਥੇ ਅੱਜ ਸਮਾਜ ਸੰਸਾਰ ਦੀ ਚਕਾਚੌਂਧ ਵਿੱਚ ਰੁਝਿਆ ਹੋਇਆ ਹੈ, ਉੱਥੇ ਸੰਸਥਾਨ ਦੇ ਸੰਸਥਾਪਕ ਤੇ ਸੰਚਾਲਕ ਸਰਵ ਆਸ਼ੂਤੋਸ਼ ਮਹਾਰਾਜ ਜੀ ਦੇ ਸ਼ਿਸ਼ ਤੇ ਸ਼ਿਸ਼ਯਾਵਾਂ ਦਾ ਕਾਫਿਲਾ ਸਮਾਜ ਵਿੱਚ ਉੱਤਰ ਕੇ ਸਮਾਜ ਨੂੰ ਜਾਤ ਕਰ ਰਿਹਾ ਹੈ ਅਤੇ ਉਨ੍ਹਾਂ ਦੇ ਦਿਲਾਂ ਵਿੱਚ ਸੱਚ ਦੀ ਲੋਅ ਜਗਾ ਰਿਹਾ ਹੈ।ਭਾਵ ਕਿ ਅੱਜ ਤੱਕ ਜਿਸ ਪ੍ਰਮਾਤਮਾ ਨੂੰ ਸੰਸਾਰ ਸਿਰਫ ਮੰਨ ਹੀ ਰਿਹਾ ਹੈ, ਉਸ ਨੂੰ ਆਪ ਆਪਣੇ ਸ਼ਰੀਰ ਦੇ ਭੀਤਰ ਪੂਰਨ ਗੁਰੂ ਦੀ ਕਿਰਪਾ ਦੁਆਰਾ ਵੇਖ ਵੀ ਸਕਦੇ ਹੋ।ਇਸ ਸੰਧਿਆ ਫੇਰੀ ਦਾ ਮੁੱਖ ਉਦੇਸ਼ ਦੱਸਦੇ ਹੋਏ ਸਾਧਵੀ ਦਿਵੇਸ਼ਾ ਭਾਰਤੀ ਨੇ ਕਿਹਾ ਕਿ ਇਹ ਸੰਧਿਆ ਫੇਰੀਆ ਸੰਸਥਾਨ ਆਪਣੇ ਆਉਣ ਵਾਲੇ ਵਿਸ਼ਾਲ ਪ੍ਰੋਗਰਾਮ ਸ੍ਰੀ ਕ੍ਰਿਸ਼ਨ ਕਥਾ ਦੇ ਪ੍ਰਚਾਰ ਪ੍ਰਸਾਰ ਲਈ ਕੱਢ ਰਿਹਾ ਹੈ, ਜੋ ਆਉਣ ਵਾਲੀ 18 ਤੋਂ 22 ਸਤੰਬਰ ਤੱਕ ਮਾਤਾ ਸਤੀ ਮੰਦਰ ਧਰਮਸ਼ਾਲਾ ਘੱਗਾ ਰੋਡ ਸਮਾਣਾ ਵਿਖੇ ਸ਼ਾਮ 7 ਵਜੇ ਤੋਂ ਰਾਤ 10 ਵਜੇ ਹੋਣ ਜਾ ਰਹੀ ਹੈ।ਇਸ ਮੌਕੇ ਪੰਚਮੁਖੀ ਮੰਦਰ ਕਮੇਟੀ ਦੇ ਪ੍ਰਧਾਨ ਅਸ਼ੋਕ ਮੋਦਗਿੱਲ, ਪ੍ਰਮੋਦ ਕੁਮਾਰ ਸਿੰਗਲਾ ਠੇਕੇਦਾਰ, ਪ੍ਰਧਾਨ ਵਰਿੰਦਰ ਕੁਮਾਰ ਪਾਠਕ, ਉੱਪ ਪ੍ਰਧਾਨ ਪਵਨ ਕੁਮਾਰ ਬਿੱਟੂ, ਜਨਰਲ ਸਕੱਤਰ ਸ਼ਾਮ ਲਾਲ ਬਾਂਸਲ, ਕੈਸ਼ੀਅਰ ਦੀਪਕ ਸ਼ਰਮਾ, ਰਾਜੇਸ਼ ਗੁਪਤਾ, ਡਿੰਪਲ ਧੀਮਾਨ ਤੇ ਹੋਰ ਮੈਂਬਰ ਮੌਜੂਦ ਰਹੇ।

ਜਾਹਰਵੀਰ ਗੁੱਗਾ ਦੇ ਮੂਰਤੀ ਸਥਾਪਨਾ ਦਿਵਸ ਦੀ ਖੁਸ਼ੀ 'ਚ ਸ਼ੋਭਾ ਯਾਤਰਾ

ਮੋਗਾ (ਇਕਬਾਲ ਸਿੰਘ ਖਹਿਰਾ)-ਭਾਰਤੀਯ ਵਾਲਮੀਕਿ ਧਰਮ ਸਮਾਜ (ਭਾਵਾਧਸ) ਦੇ ਪ੍ਰਧਾਨ ਨਰੇਸ਼ ਬੋਹਤ ਦੀ ਪ੍ਰਧਾਨਗੀ ਹੇਠ ਕੱਢੀ ਗਈ ਜਾਹਰਵੀਰ ਗੁੱਗਾ ਜੀ ਮੂਰਤੀ ਸਥਾਪਨਾ ਦਿਵਸ ਦੀ ਖੁਸ਼ੀ ਵਿੱਚ ਸ਼ੋਭਾ ਯਾਤਰਾ ਕੱਢੀ ਗਈ। ਇਸ ਮੌਕੇ ਪ੍ਰਧਾਨ ਨਰੇਸ਼ ਬੋਹਤ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਜਗਦੀਸ਼ ਲਾਲ ਬੋਹਤ ਦੀ ਯਾਦ ਵਿੱਚ ਵਾਲਮੀਕਿ ਕਲੌਨੀ ਵਿੱਚ ਜਹਾਂਵੀਰ ਗੁੱਗਾ ਜੀ ਦਾ ਮੰਦਰ ਸਥਾਪਤ ਕੀਤਾ ਗਿਆ, ਜਿਸ ਵਿੱਚ ਜਾਹਰਵੀਰ ਗੁੱਗਾ ਜੀ ਦੀ ਮੂਰਤੀ ਸਥਾਪਨਾ ਦੀ ਖੁਸ਼ੀ ਵਿੱਚ ਵਾਲਮੀਕ ਕਲੌਨੀ ਵਾਲਮੀਕੀ ਮੰਦਰ ਤੋਂ ਕੱਢੀ ਗਈ ਇਸ ਪਹਿਲੀ ਸ਼ੋਭਾ ਯਾਤਰਾ ਵਿੱਚ ਜਾਹਰਵੀਰ ਗੁੱਗਾ ਦੀ ਜੋਤੀ ਜਗਾਉਣ ਦੀ ਰਸਮ ਡਾਕਟਰ ਅਮਨਦੀਪ ਅਰੋੜਾ ਐੱਮ.ਐੱਲ.ਏ. ਮੋਗਾ ਵੱਲੋਂ ਨਿਭਾਈ ਗਈ। ਸ਼ੋਭਾ ਯਾਤਰਾ ਦੇ ਰੀਬਨ ਦੀ ਰਸਮ ਸਮਾਜ ਸੇਵਿਕਾ ਤੇ ਕਾਂਗਰਸ ਪਾਰਟੀ ਦੀ ਹਲਕਾ ਇੰਚਾਰਜ ਮਾਲਵੀਕਾ ਸੂਦ ਅਦਾ ਕੀਤਾ ਗਈ।ਇਸ ਮੌਕੇ ਉਨ੍ਹਾਂ ਵੱਲੋਂ ਸਾਰੇ ਹੀ ਵਾਲਮੀਕ ਭਾਈਚਾਰੇ ਨੂੰ ਅਤੇ ਸ਼ਹਿਰ ਵਾਸੀ ਦੇ ਨਾਲ ਨਾਲ ਵਾਲਮੀਕਿ ਧਰਮ ਸਮਾਜ ਰਜਿ ਭਾਵਾਧਸ ਦੇ ਪ੍ਰਧਾਨ ਨਰੇਸ਼ ਬੋਹਤ ਨੂੰ ਵਧਾਈ ਦਿੱਤੀ। ਸ਼ੋਭਾ ਯਾਤਰਾ ਵਿੱਚ ਸੁੰਦਰ ਸੁੰਦਰ ਝਾਕੀ ਤੇ ਗੁੱਗਾ ਜ਼ਹਾਰ ਵੀਰ ਜੀ ਦੇ ਨਿਸ਼ਾਨ ਦੇ ਨਾਲ ਸੇਵਾਦਾਰਾਂ ਵੱਲੋਂ ਸ਼ੋਭਾ ਯਾਤਰਾ ਵਿੱਚ ਹਿੱਸਾ ਲੈ ਕੇ ਬਾਜ਼ਾਰਾਂ ਵਿੱਚ ਘੁੰਮਦੇ ਹੋਏ ਵਾਪਸ ਵਾਲਮੀਕ ਕਲੌਨੀ ਨਜ਼ਦੀਕ ਚੌਧਾ ਕੰਪਲੈਕਸ ਵਿੱਚ ਸਮਾਪਤ ਹੋਈ ਅਤੇ ਗੁਰੂ ਜੀ ਦਾ ਅਟੁੱਟ ਲੰਗਰ ਵੀ ਚਲਾਇਆ ਗਿਆ।

ਪੀ ਜੀ ਆਈ ਨੇ ਨੇਤਰਦਾਨ ਜਾਗਰੂਕਤਾ ਪੰਦਰਵਾੜਾ ਮਨਾਇਆ

ਸਮਰਾਲਾ (ਸੁਰਜੀਤ ਸਿੰਘ)-ਪੀਜੀਆਈ ਚੰਡੀਗੜ੍ਹ ਵੱਲੋਂ ਹਰ ਸਾਲ ਮਨਾਏ ਜਾਂਦੇ ਰਾਸ਼ਟਰੀ ਨੇਤ੍ਰਦਾਨ ਪੱਖਵਾਰੇ ਦੇ 40ਵੇਂ ਸਮਾਰੋਹ ਮੌਕੇ ਮੀਡੀਆ ਕਾਨਫਰੰਸ ਕੀਤੀ ਗਈ।ਇਸ ਦਾ ਮਕਸਦ ਆਮ ਜਨਤਾ ਵਿੱਚ ਜਾਗਰੂਕਤਾ ਫੈਲਾਉਣਾ ਤੇ ਕੌਰਨੀਆ ਦੀ ਮੰਗ 'ਤੇ ਸਪਲਾਈ ਵਿਚਕਾਰਲੇ ਅੰਤਰ ਨੂੰ ਘਟਾਉਣਾ ਸੀ।ਪੀਜੀਆਈ ਸੂਤਰਾਂ ਅਨੁਸਾਰ ਇਸ ਸਮੇਂ ਭਾਰਤ ਵਿੱਚ 13 ਲੱਖ ਤੋਂ ਵੱਧ ਲੋਕ ਕਾਰਨੀਆ ਅੰਨ੍ਹੇਪਣ ਨਾਲ ਪੀੜਤ ਹਨ।ਦੇਸ਼ ਵਿੱਚ ਹਰ ਸਾਲ ਲਗਭਗ 25,000 ਤੋਂ 30,000 ਤੱਕ ਕਾਰਨੀਆ ਟ੍ਰਾਂਸਪਲਾਂਟ ਹੁੰਦੇ ਹਨ।ਪੀਜੀਆਈ ਵਿੱਚ ਹੀ ਲਗਭਗ 2000 ਮਰੀਜ਼ ਆਪਣੀ ਕਾਰਨੀਆ ਟ੍ਰਾਂਸਪਲਾਂਟੇਸ਼ਨ ਦੀ ਉਡੀਕ ਕਰ ਰਹੇ ਹਨ, ਜਦਕਿ ਹਸਪਤਾਲ ਨੂੰ ਹਰ ਸਾਲ ਕੇਵਲ ਤਕਰੀਬਨ 500 ਕਾਰਨੀਆ ਹੀ ਪ੍ਰਾਪਤ ਹੁੰਦੇ ਹਨ।ਆਫਥੈਲਮੋਲੋਜੀ ਵਿਭਾਗ ਦੇ ਮੁਖੀ ਪ੍ਰੋ. ਸੁਰਿੰਦਰ ਐਸ. ਪਾਂਡਵ, ਪ੍ਰੋ. ਅਮਿਤ ਗੁਪਤਾ, ਪ੍ਰੋ. ਚਿੰਤਨ ਮਲਹੋਤਰਾ, ਡਾ. ਪਾਰੂਲ ਚਾਵਲਾ ਗੁਪਤਾ ਤੇ ਲਾਇਨਜ਼ ਕਲੱਬ ਸੈਂਟ੍ਰਲ ਚੰਡੀਗੜ੍ਹ ਦੇ ਸੀਨੀਅਰ ਮੈਂਬਰ ਸਤੀਸ਼ ਭਾਸਕਰ, ਸੰਜੀਵ ਸੇਠੀ, ਹਰੀਸ਼ ਗੋਯਲ, ਸੋਨੀਆ ਅਰੋੜਾ, ਬਹਿਲ ਤੇ ਸੰਜੀਵ ਗੁਪਤਾ ਨੇ ਅਡਵਾਂਸਡ ਆਈ ਸੈਂਟਰ, ਪੀਜੀਆਈ ਵਿੱਚ ਪ੍ਰੈੱਸ ਕਾਨਫਰੰਸ ਦੌਰਾਨ ਮੀਡੀਆ ਨਾਲ ਸੰਵਾਦ ਕੀਤਾ ਤੇ ਪੱਖਵਾਰੇ ਦੌਰਾਨ ਕੀਤੀਆਂ ਜਾਣ ਵਾਲੀਆਂ ਵੱਖ-ਵੱਖ ਜਾਗਰੂਕਤਾ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ।ਮੀਡੀਆ ਇੰਟਰੈਕਸ਼ਨ ਤੋਂ ਬਾਅਦ ਪੀਜੀਆਈ ਡਾਇਰੈਕਟਰ ਦੇ ਦਫ਼ਤਰ ਵਿੱਚ ਪ੍ਰੋ. ਵਿਵੇਕ ਲਾਲ ਵੱਲੋਂ ਨੇਤ੍ਰਦਾਨ ਪੱਖਵਾਰੇ ਦੀ ਸਰਕਾਰੀ ਤੌਰ 'ਤੇ ਸ਼ੁਰੂਆਤ ਕੀਤੀ ਗਈ।ਇਸ ਮੌਕੇ ਉਨ੍ਹਾਂ ਨੇ 3 ਦਾਨੀ ਪਰਵਾਰਾਂ ਨੂੰ ਸਨਮਾਨ ਪੱਤਰ ਵੀ ਸੌਂਪੇ, ਜਿਨ੍ਹਾਂ ਨੇ ਆਪਣੇ ਪਰਿਵਾਰਕ ਮੈਂਬਰਾਂ ਦੀਆਂ ਅੱਖਾਂ ਪੀਜੀਆਈ ਚੰਡੀਗੜ੍ਹ ਦੀ ਨੇਤ੍ਰ ਬੈਂਕ ਨੂੰ ਦਾਨ ਕੀਤੀਆਂ।

ਰਿਚਵਿਲ ਗਰੁੱਪ ਨੂੰ ਇਮਰਜਿੰਗ ਰੀਅਲ ਐੱਸਟੇਟ ਬ੍ਰਾਂਡ ਦਾ ਐਵਾਰਡ

ਜਗਰਾਓਂ (ਅਮਿਤ ਖੰਨਾ, ਸੰਜੀਵ ਅਰੋੜਾ)-ਰੀਅਲ ਐਸਟੇਟ ਸੈਕਟਰ ਵਿੱਚ ਰਿਚਵਿਲ ਗਰੁੱਪ ਹਰ ਰੋਜ਼ ਨਵੇਂ ਮੁਕਾਮ ਹਾਸਲ ਕਰ ਰਿਹਾ ਹੈ।ਹੁਣ ਰਿਚਵਿਲ ਗਰੁੱਪ ਨੂੰ ਇਮਰਜਿੰਗ ਰੀਅਲ ਐਸਟੇਟ ਬ੍ਰਾਂਡ ਦਾ ਐਵਾਰਡ ਮਿਲਿਆ ਹੈ।ਇਹ ਐਵਾਰਡ ਰਿਚਵਿਲ ਗਰੁੱਪ ਦੇ ਰਾਜਦੀਪ ਸਿੰਘ ਲਾਪਰਾਂ ਤੇ ਪ੍ਰਭਜੋਤ ਸਿੰਘ ਮਨੀ ਨੇ ਗਵਰਨਰ ਗੁਲਾਬ ਚੰਦ ਕਟਾਰੀਆ ਦੇ ਹੱਥੋਂ ਪ੍ਰਾਪਤ ਕੀਤਾ।ਉਨ੍ਹਾਂ ਦੱਸਿਆ ਕ

27 Aug Page 3.qxd 8/26/2025 11:14 PM Page 1

ਹੱਕੀ ਮੰਗਾਂ ਲਈ ਆਸ਼ਾ ਵਰਕਰਜ਼ ਤੇ ਫੈਸਿਲੀਟੇਟਰ ਸਾਂਝਾ ਮੋਰਚਾ ਵੱਲੋਂ ਲਾਇਆ ਧਰਨਾ ਜਾਰੀ

ਸਰਾਏ ਅਮਾਨਤ ਖਾਂ (ਮੱਖਣ ਮਨੋਜ)- ਆਸ਼ਾ ਵਰਕਰਜ਼ ਤੇ ਫੈਸਿਲੀਟੇਟਰ ਸਾਂਝਾ ਮੋਰਚਾ ਪੰਜਾਬ ਵੱਲੋਂ ਉਲੀਕੇ ਪ੍ਰੋਗਰਾਮ ਅਨੁਸਾਰ ਆਸ਼ਾ ਵਰਕਰ ਅਤੇ ਫੈਸਿਲੀਟੇਟਰ ਪੰਜਾਬ ਭਰ 'ਚ ਦੂਜੇ ਦਿਨ ਵੀ ਵਰ੍ਹਦੇ ਮੀਂਹ ਵਿੱਚ ਡਟੇ ਰਹੇ।ਜ਼ਿਲ੍ਹਾ ਤਰਨਤਾਰਨ ਦੀ ਸਮੁੱਚੀ ਅਤੇ ਬਲਾਕ ਝਬਾਲ

ਟੀਮ ਵੱਲੋਂ ਸੂਬਾ ਪ੍ਰਧਾਨ ਗੁਰਵੰਤ ਕੌਰ ਝਬਾਲ ਦੀ ਅਗਵਾਈ ਹੇਠ ਦੂਜੇ ਦਿਨ ਵੀ ਸੀਐੱਚਸੀ ਝਬਾਲ ਵਿਖੇ ਰੋਸ ਵਜੋਂ ਹੜਤਾਲ ਕਰਕੇ ਧਰਨਾ ਜਾਰੀ ਰੱਖਿਆ ਗਿਆ।ਧਰਨੇ ਵਿਚ ਮੀਤ ਪ੍ਰਧਾਨ ਮਨਦੀਪ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਵਾਲੀ ਪੰਜਾਬ ਸਰਕਾਰ ਪੰਜਾਬ ਭਰ ਦੀਆਂ ਵਰਕਰਾਂ ਨਾਲ ਵਾਅਦਾ ਖਿਲਾਫੀ ਵਾਲੇ ਸਲੂਕ ਕਰ ਰਹੀ ਹੈ।ਸਰਕਾਰ ਦਾ ਸਾਢੇ ਤਿੰਨ ਸਾਲ ਦਾ ਸਮਾਂ ਲੰਘਣ ਤੇ ਹੱਕੀ ਮੰਗਾਂ ਤੇ ਦਰਪੇਸ਼ ਮੁਸ਼ਕਿਲਾਂ ਸਬੰਧੀ ਹਜ਼ਾਰਾਂ ਮੰਗ ਪੱਤਰ ਪੰਜਾਬ ਸਰਕਾਰ ਕੋਲ ਪਹੁੰਚਣ ਦੇ ਬਾਵਜੂਦ ਮੰਗ ਪੱਤਰਾਂ ਨੂੰ ਅਮਲੀ ਜਾਮਾ ਨਹੀਂ ਪਹਿਨਇਆ ਗਿਆ।ਉਨ੍ਹਾਂ ਅੱਗੇ ਕਿਹਾ ਕਿ ਲਮਕ ਅਵਸਥਾ ਵਾਲੀਆਂ ਮੰਗਾਂ ਮੰਨਵਾਉਣ ਲਈ ਵਰਕਰਾਂ 'ਚ ਰੋਸ ਪ੍ਰਦਰਸ਼ਨ ਇਕ ਲਹਿਰ ਬਣ ਗਈ ਹੈ।ਮੋਰਚੇ ਵਿਚ ਅਪੀਲ ਕੀਤੀ ਗਈ ਕਿ ਜੇਕਰ ਸਾਡੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤਾ ਇਹ ਮੰਗਾਂ ਤੇ ਮੁਸ਼ਕਲਾਂ ਦਾ ਹੱਲ ਕਰਾਉਣ ਲਈ ਜੰਗ ਦੇ ਮੈਦਾਨ ਵਿਚ ਉਤਰੇ ਕਾਫਲੇ ਅੱਗੇ ਵਧਦੇ ਜਾਣਗੇ।ਇਨ੍ਹਾਂ ਦੇ ਗੰਭੀਰ ਸਿੱਟਿਆਂ ਦੀ ਸਰਕਾਰ ਖੁਦ ਜ਼ਿੰਮੇਵਾਰ ਹੋਵੇਗੀ।ਇਸ ਮੌਕੇ ਬਲਵਿੰਦਰ ਕੌਰ ਝਬਾਲ, ਸ਼ਰਨਜੀਤ ਕੌਰ ਝਬਾਲ, ਅਮਰਜੀਤ ਕੌਰ ਮੰਨਣ, ਪ੍ਰਸੰਨ ਕੌਰ ਮੰਨਣ, ਸਰਬਜੀਤ ਕੌਰ ਝਬਾਲ, ਕੰਵਲਜੀਤ ਕੌਰ ਭੁੱਜਣਾਂਵਾਲਾ, ਬੱਬੀ ਮਾਲੂਵਾਲ, ਸਰਬਜੀਤ ਕੌਰ ਮੀਰਪੁਰ, ਰਜਵੰਤ ਕੌਰ ਝਬਾਲ, ਵੀਰਾ ਰਾਣੀ ਪੰਜਵੜ, ਪ੍ਰਵੀਨ ਪੱਧਰੀ ਕਲਾਂ, ਪ੍ਰਵੀਨ ਮੁਕਾਮਪੁਰ ਆਦਿ ਵੀ ਹਾਜ਼ਰ ਸਨ।

ਅਕਾਲ ਅਕੈਡਮੀ ਰਸੂਲਪੁਰ ਬੇਟ ਨੇ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ 'ਚ ਤਮਗੇ ਜਿੱਤੇ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਕਲਗੀਧਰ ਟਰੱਸਟ ਬੜੂ ਸਾਹਿਬ ਦੇ ਅਧੀਨ ਚੱਲ ਰਹੀ ਅਕਾਲ ਅਕੈਡਮੀ ਰਸੂਲਪੁਰ ਬੇਟ ਦੇ ਵਿਦਿਆਰਥੀਆਂ ਨੇ 76ਵੀਆਂ ਪੰਜਾਬ ਸਕੂਲ ਖੇਡਾਂ ਜ਼ਿਲ੍ਹਾ ਪੱਧਰੀ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਆਪਣੀ ਅਕੈਡਮੀ, ਮਾਤਾ ਪਿਤਾ ਤੇ ਪਿੰਡ ਦਾ ਨਾਮ ਰੌਸ਼ਨ ਕੀਤਾ ਹੈ। ਗੁਰਦਾਸਪੁਰ ਵਿੱਚ ਹੋਈਆਂ ਖੇਡਾਂ ਵਿੱਚ ਵਿਦਿਆਰਥੀਆਂ ਨੇ ਗੱਤਕਾ ਅੰਡਰ-14 ਮੁਕਾਬਲਿਆਂ ਵਿੱਚ ਭਾਗ ਲਿਆ ਅਤੇ ਅਕੈਡਮੀ ਦੇ ਵਿਦਿਆਰਥੀਆਂ ਦੀ ਚੋਣ ਰਾਜ ਪੱਧਰੀ ਖੇਡਾਂ ਲਈ ਹੋਈ। ਇਸ ਸਬੰਧੀ ਅਕਾਲ ਅਕੈਡਮੀ ਰਸੂਲਪੁਰ ਬੇਟ ਦੇ ਪ੍ਰਿੰਸੀਪਲ ਅਮਨਦੀਪ ਕੌਰ ਨੇ ਦੱਸਿਆ ਕ੍ਰੀ ਸਿੰਗਲ ਸੋਟੀ ਉਮਰ ਵਰਗ 14 ਲੜਕੀਆਂ ਦੀ ਟੀਮ ਵਿੱਚੋਂ ਨਵਜੀਤ ਕੌਰ, ਨਵਨੀਤ ਕੌਰ ਤੇ ਗੁਰਪ੍ਰੀਤ ਕੌਰ ਨੇ ਸੋਨੇ ਦੇ ਤਮਗੇ ਜਿੱਤੇ ਅਤੇ ਗੁਰਲੀਨ ਕੌਰ, ਸਹਿਜਦੀਪ ਕੌਰ ਅਤੇ ਤਰਨਬੀਰ ਕੌਰ ਨੇ ਕਾਂਸੇ ਦੇ ਤਮਗੇ ਜਿੱਤੇ। ਫ੍ਰੀ ਸੋਟੀ ਟੀਮ ਉਮਰ ਵਰਗ 14 (ਲੜਕਿਆਂ) ਵਿੱਚੋਂ ਪਵਿੱਤਰ ਸਿੰਘ, ਗੁਰਕਮਲ ਸਿੰਘ, ਰੌਸ਼ਨ ਸਿੰਘ ਅਤੇ ਹਰਜੋਤ ਸਿੰਘ ਦੀ ਟੀਮ ਨੇ ਸੋਨੇ ਦਾ ਤਮਗਾ ਅਤੇ ਪਵਿੱਤਰ ਸਿੰਘ ਨੇ ਚਾਂਦੀ ਦਾ ਤਮਗਾ ਹਾਸਿਲ ਕੀਤਾ। ਕਿਰਪਾਨ ਫਰਾਈ ਉਮਰ ਵਰਗ 14 (ਲੜਕਿਆਂ) ਵਿੱਚੋਂ ਮਨਿੰਦਰ ਸਿੰਘ ਨੇ ਚਾਂਦੀ ਦਾ ਤਮਗਾ ਜਿੱਤਿਆ। ਅਕੈਡਮੀ ਦੇ ਪ੍ਰਿੰਸੀਪਲ ਅਮਨਦੀਪ ਕੌਰ ਨੇ ਸਾਰੇ ਜੇਤੂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਗੱਤਕਾ ਕੋਚ ਅਧਿਆਪਕ ਪਰਦੀਪ ਸਿੰਘ ਨੂੰ ਵੀ ਉਨ੍ਹਾਂ ਦੀ ਨਿਸ਼ਠਾ ਅਤੇ ਮਿਹਨਤ ਲਈ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੇ ਇਸ ਸ਼ਾਨਦਾਰ ਪ੍ਰਾਪਤੀ ਨੂੰ ਗੱਤਕਾ ਕੋਚ ਪਰਦੀਪ ਸਿੰਘ ਅਤੇ ਵਿਦਿਆਰਥੀਆਂ ਦੀ ਲਗਨ ਅਤੇ ਮਿਹਨਤ ਦਾ ਨਤੀਜਾ ਦੱਸਿਆ।

ਫ਼ਸਲੀ ਰਹਿੰਦ-ਖੂੰਹਦ ਨੂੰ ਅੱਗ ਲਗਾਏ ਬਗੈਰ ਇੱਕੋ ਖੇਤ 'ਚੋਂ ਤਿੰਨ ਫਸਲਾਂ ਲੈਂਦਾ ਅਗਾਂਹਵਧੂ ਕਿਸਾਨ ਹਰਦਿਆਲ ਸਿੰਘ

ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)- ਇੱਕ ਪਾਸੇ ਕਿਸਾਨਾਂ ਵੱਲੋਂ ਕਈ ਤਰ੍ਹਾਂ ਦੀਆਂ ਮਜਬੂਰੀਆਂ ਦਾ ਹਵਾਲਾ ਦੇ ਕੇ ਖੇਤਾਂ ਵਿੱਚ ਰਹਿੰਦ ਖੂੰਹਦ ਨੂੰ ਅੱਗ ਲਗਾਈ ਜਾਂਦੀ ਹੈ ਪਰ ਦੂਜੇ ਪਾਸੇ ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਿਤ ਬਲਾਕ ਫਤਿਹਗੜ੍ਹ ਚੂੜੀਆਂ ਦੇ ਪਿੰਡ ਪਾਰੋਵਾਲ ਦੇ ਹਰਦਿਆਲ ਸਿੰਘ ਨੇ ਨਾ ਸਿਰਫ ਖੇਤੀਬਾੜੀ ਵਿੱਚ ਸਖ਼ਤ ਮਿਹਨਤ ਕਰਕੇ ਇੱਕ ਮਿਸਾਲ ਕਾਇਮ ਕੀਤੀ ਹੈ ਸਗੋਂ ਵਾਤਾਵਰਨ ਨੂੰ ਬਚਾਉਣ ਲਈ ਇਸ ਕਿਸਾਨ ਨੇ ਵਿਲੱਖਣ ਜਜ਼ਬਾ ਦਿਖਾਉਂਦੇ ਹੋਏ ਇੱਕੋ ਸਾਲ ਵਿੱਚ ਬਿਨਾਂ ਅੱਗ ਲਗਾਏ ਤਿੰਨ ਤਿੰਨ ਫਸਲਾਂ ਲੈਣ ਦੀ ਮਿਸਾਲ ਵੀ ਬਣਾਈ ਹੈ।ਅਗਾਂਹਵਧੂ ਕਿਸਾਨ ਹਰਦਿਆਲ ਸਿੰਘ ਨੇ ਦੱਸਿਆ ਕਿ ਉਸ ਕੋਲ ਕਰੀਬ 30 ਏਕੜ ਖੇਤ ਹਨ, ਜਿਸ ਵਿੱਚ ਉਹ ਆਪਣੇ ਹੋਰ ਪਰਿਵਾਰਕ ਮੈਂਬਰਾਂ ਅਤੇ ਭਰਾ ਦੇ ਨਾਲ ਮਿਲ ਕੇ ਖੇਤੀ ਕਰਦਾ ਹੈ।ਉਨ੍ਹਾਂ ਕਿਹਾ ਕਿ ਇਸ ਰਕਬੇ ਵਿੱਚੋਂ 15 ਇੱਕ ਰਕਬੇ ਵਿੱਚ ਉਹ ਮਟਰ, ਕਣਕ ਅਤੇ ਝੋਨੇ ਦਾ ਫਸਲੀ ਚੱਕਰ ਅਪਣਾਉਂਦਾ ਹੈ।ਉਸਨੇ ਦੱਸਿਆ ਕਿ ਉਸਨੇ ਕਦੇ ਵੀ ਆਪਣੇ ਖੇਤਾਂ ਵਿੱਚ ਰਹਿਦ ਖੂੰਦ ਨੂੰ ਅੱਗ ਨਹੀਂ ਲਗਾਈ ਅਤੇ ਰਹਿੰਦ ਖੂੰਦ ਨੂੰ ਖੇਤਾਂ ਵਿੱਚ ਹੀ ਮਿਲਾਉਣ ਕਾਰਨ ਉਸਦੇ ਖੇਤ ਹੁਣ ਹੋਰ ਵੀ ਉਪਜਾਊ ਹੋ ਗਏ ਹਨ ਅਤੇ ਖਾਦਾਂ ਦੀ ਵਰਤੋਂ ਬੇਹੱਦ ਘੱਟ ਕਰਨੀ ਪੈਂਦੀ ਹੈ। ਇਸ ਨਾਲ ਸਿੱਧੇ ਤੌਰ ਤੇ ਉਸਦੇ ਖੇਤੀ ਖਰਚੇ ਘੱਟ ਰਹੇ ਹਨ ਅਤੇ ਖੇਤਾਂ ਵਿੱਚ ਉਗਾਈ ਜਾਣ ਵਾਲੀ ਕਣਕ ਝੋਨਾ ਅਤੇ ਮਟਰਾਂ ਦੀ ਗੁਣਵੱਤਾ ਵੀ ਬਹੁਤ ਵਧੀਆ ਹੁੰਦੀ ਹੈ।ਜ਼ਿਲ੍ਹਾ ਗੁਰਦਾਸਪੁਰ ਦੇ ਮੁੱਖ ਖੇਤੀਬਾੜੀ ਅਫਸਰ ਡਾਕਟਰ ਅਮਰੀਕ ਸਿੰਘ ਨੇ ਇਸ ਕਿਸਾਨ ਵੱਲੋਂ ਕੀਤੇ ਜਾ ਰਹੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹੋਰ ਕਿਸਾਨਾਂ ਨੂੰ ਵੀ ਅਜਿਹੇ ਮਿਹਨਤੀ ਕਿਸਾਨਾਂ ਦੇ ਜਜ਼ਬੇ ਤੋਂ ਸੇਧ ਲੈਣੀ ਚਾਹੀਦੀ ਹੈ।

ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਨੇ ਪੇਂਟਿੰਗ ਮੁਕਾਬਲੇ 'ਚ ਕੀਤਾ ਬਾ-ਕਮਾਲ ਪ੍ਰਦਰਸ਼ਨ

ਤਰਨ ਤਾਰਨ (ਪ੍ਰਿਤਪਾਲ ਸਿੰਘ)- ਬੀਤੇ ਦਿਨੀਂ ਪੰਜਾਬ ਸਰਕਾਰ ਵੱਲੋਂ ਅੰਤਰਰਾਸ਼ਟਰੀ ਨੌਜਵਾਨ ਦਿਵਸ ਨੂੰ ਸਮਰਪਿਤ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਸਹਾਇਤਾ ਨਾਲ ਨੌਜਵਾਨਾਂ ਨੂੰ ਨਸ਼ਿਆਂ ਦੇ ਦੁਰਪ੍ਰਭਾਵ ਤੋਂ ਜਾਗਰੂਕ ਕਰਨ ਲਈ ਪੇਂਟਿੰਗ ਮੁਕਾਬਲੇ ਕਰਵਾਏ ਗਏ। ਜ਼ਿਲ੍ਹਾ ਤਰਨ ਤਾਰਨ ਦੇ ਇਹ ਮੁਕਾਬਲੇ ਸਰਕਾਰੀ ਹਾਈ ਸਕੂਲ, ਬਾਗੜੀਆਂ ਵਿਖੇ ਕਰਵਾਏ ਗਏ, ਜਿਸ ਵਿੱਚ ਜ਼ਿਲ੍ਹੇ ਦੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ।ਜ਼ਿਕਰਯੋਗ ਹੈ ਕਿ ਬਹੁਤ ਜ਼ਿਆਦਾ ਸਖ਼ਤ ਮੁਕਾਬਲਾ ਹੋਣ ਦੇ ਬਾਵਜੂਦ ਵੀ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਦੀ ਵਿਦਿਆਰਥਣ ਸੁਖਮਨਪ੍ਰੀਤ ਕੌਰ (ਜਮਾਤ ਨੌਵੀਂ) ਨੇ ਆਪਣੀ ਉੱਤਮ ਦਰਜੇ ਦੀ ਪੇਸ਼ਕਾਰੀ ਨਾਲ ਤੇ ਆਪਣੇ ਕਲਾ ਅਧਿਆਪਕ ਸਾਹਿਬਾਨ ਸ. ਸੁਖਵਿੰਦਰ ਸਿੰਘ ਅਤੇ ਮੈਡਮ ਰਿਮਲਜੀਤ ਕੌਰ ਦੀ ਯੋਗ ਸਿਖਲਾਈ ਸਦਕਾ ਇਸ ਜ਼ਿਲ੍ਹਾ ਪੱਧਰੀ ਮੁਕਾਬਲੇ ਵਿੱਚੋਂ ਦੂਸਰਾ ਸਥਾਨ ਹਾਸਲ ਕੀਤਾ।ਇਸ ਬਾ-ਕਮਾਲ ਪ੍ਰਾਪਤੀ ਤੋਂ ਪ੍ਰਸੰਨ

ਹੁੰਦਿਆਂ ਸੰਸਥਾ ਦੇ ਡਾਇਰੈਕਟਰ ਡਾ. ਜਤਿੰਦਰਪਾਲ ਸਿੰਘ ਰੰਧਾਵਾ ਜੀ ਅਤੇ ਸਕੂਲ ਦੇ ਪ੍ਰਿੰਸੀਪਲ ਮਨੀਸ਼ਾ ਸੂਦ ਨੇ ਅਧਿਆਪਕ ਸਾਹਿਬਾਨ ਅਤੇ ਵਿਦਿਆਰਥਣ ਦੀ ਸ਼ਲਾਘਾ ਕਰਦਿਆਂ ਵਧਾਈ ਦਿੱਤੀ ਅਤੇ ਅਗਾਂਹ ਹੋਰਨਾਂ ਮੁਕਾਬਲਿਆਂ ਵਿੱਚ ਉੱਚ-ਪੱਧਰੀ ਪੇਸ਼ਕਾਰੀ ਨਾਲ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ।

ਭਾਜਪਾ ਵੋਟ ਚੋਰੀ ਕਰਨ ਤੋਂ ਬਾਅਦ ਹੁਣ ਗਰੀਬਾਂ ਦਾ ਰਾਸ਼ਨ ਚੋਰੀ ਕਰਨ ਜਾ ਰਹੀ : ਸੰਤੋਸ਼ ਕਟਾਰੀਆ

ਨਵਾਂਸ਼ਹਿਰ, ਬਲਾਚੌਰ (ਕੁਲਵਿੰਦਰ ਸਿੰਘ ਦੁਰਗਾਪੁਰੀਆ, ਜਸਵਿੰਦਰ ਬੈਂਸ)- ਭਾਜਪਾ ਦੀ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਕੁੱਲ 1.53 ਕਰੋੜ ਰਾਸ਼ਨ ਕਾਰਡਾਂ ਵਿੱਚੋਂ ਲੱਗਭਗ 55 ਲੱਖ ਗਰੀਬ ਪਰਵਾਰਾਂ ਦਾ ਮੁਫ਼ਤ ਰਾਸ਼ਨ ਬੰਦ ਕਰਨ ਦੇ ਫ਼ੈਸਲੇ ਵਿਰੁੱਧ ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਨੇ ਵਿਰੋਧ ਜ਼ਾਹਰ ਕੀਤਾ। ਇਸ ਸਬੰਧੀ ਸੰਤੋਸ਼ ਕਟਾਰੀਆ ਨੇ ਆਪਣੇ ਦਫ਼ਤਰ 'ਚ ਆਹੁਦੇਦਾਰਾਂ, ਬਲਾਕ ਪ੍ਰਧਾਨਾਂ ਅਤੇ ਵਰਕਰਾਂ ਨਾਲ ਮੀਟਿੰਗ ਕਰਕੇ ਕਿਹਾ ਕਿ ਮੁਫ਼ਤ ਰਾਸ਼ਨ ਯੋਜਨਾ ਗਰੀਬ ਲੋਕਾਂ ਲਈ ਜੀਵਨ-ਰੇਖਾ ਹੈ। ਸਰਕਾਰ ਵੱਲੋਂ ਇਸ ਨੂੰ ਰੱਦ ਕਰਨਾ ਪੂਰੀ ਤਰ੍ਹਾਂ ਗਰੀਬ ਵਿਰੋਧੀ ਕਦਮ ਹੈ ਜਿਸ ਨਾਲ ਲੱਖਾਂ ਪਰਵਾਰ ਮੁਸੀਬਤ ਵਿੱਚ ਧੱਕੇ ਜਾਣਗੇ। ਸਤਨਾਮ ਜਲਾਲਪੁਰ ਜ਼ਿਲ੍ਹਾ ਪ੍ਰਧਾਨ ਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਨੇ ਕਿਹਾ ਕਿ ਸੂਬੇ ਦੇ ਕਰੀਬ 55 ਲੱਖ ਲੋਕਾਂ ਦੇ ਚੁੱਲ੍ਹਿਆਂ ਨੂੰ ਬੰਦ ਕਰਨ ਦੀ ਕੋਸ਼ੀ ਸਾਜ਼ਿਸ਼ ਕਰਕੇ ਕੇਂਦਰ ਦੀ ਸਰਕਾਰ ਦਾ ਪੰਜਾਬ ਅਤੇ ਪੰਜਾਬੀਆਂ ਵਿਰੋਧੀ ਚਿਹਰਾ ਇੱਕ ਵਾਰ ਫੇਰ ਬੇਨਕਾਬ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਵੱਡੀ ਕਿਸੇ ਸੂਬੇ ਨਾਲ ਕੀ ਜ਼ਿਆਦਤੀ ਹੋ ਸਕਦੀ ਹੈ ਕਿ ਉਸ ਦੀ ਏਨੀ ਵੱਡੀ ਗਿਣਤੀ ਵਿੱਚ ਲਾਭਪਾਤਰੀਆਂ ਨੂੰ ਮੁਫਤ ਅਨਾਜ ਸਕੀਮ ਤੋਂ ਲਾਭੇ ਕੀਤਾ ਜਾਵੇ।ਸੀਨੀਅਰ ਆਗੂ ਅਸ਼ੋਕ ਕਟਾਰੀਆ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਸੂਬੇ ਦੇ 55 ਲੱਖ ਲੋਕਾਂ ਦਾ ਰਾਸ਼ਨ ਬੰਦ ਕਰਨ ਦੀ ਸਾਜ਼ਿਸ਼ ਰਚ ਰਹੀ ਹੈ, ਜਿਸ ਵਿੱਚ ਮੋਦੀ ਸਰਕਾਰ ਨੂੰ ਸਫਲ ਨਹੀ ਹੋਣ ਦਿੱਤਾ ਜਾਵੇਗਾ।ਚੰਦਰ ਮੋਹਣ ਜੇਡੀ ਜ਼ਿਲ੍ਹਾ ਮੀਡੀਆ ਇੰਚਾਰਜ ਨੇ ਕਿਹਾ ਕਿ ਸੂਬੇ ਵਿੱਚ 1.53 ਕਰੋੜ ਦੇ ਗਰੀਬ ਲਾਭਪਾਤਰੀ ਮੁਫ਼ਤ ਅਨਾਜ ਸਕੀਮ ਦਾ ਲਾਭ ਲੈ ਰਹੇ ਹਨ ਜਿਨ੍ਹਾਂ 'ਚੋਂ 55 ਲੱਖ ਨੂੰ ਈ-ਕੇ.ਵਾਈ.ਸੀ. ਦੇ ਬਹਾਨੇ ਤਹਿਤ ਲਾਭ ਤੋਂ ਮਹਿਰੂਮ ਕੀਤਾ ਜਾ ਰਿਹਾ ਜਿਸ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਕਦੇ ਵੀ ਸਹਿਣ ਨਹੀਂ ਕਰੇਗੀ।ਇਸ ਮੌਕੇ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ, ਸਤਨਾਮ ਜਲਾਲਪੁਰ ਜਿਲਾ ਪ੍ਰਧਾਨ ,ਚੰਦਰ ਮੋਹਣ ਜੇਡੀ ਜਿਲ੍ਹਾ ਮੀਡੀਆ ਇੰਚਾਰਜ, ਸੁਨੀਲ ਕੌਸ਼ਲ ਪ੍ਰਧਾਨ ਨਗਰ ਕੌਂਸਲ ਬਲਾਚੌਰ, ਸੇਠੀ ਉਧਨਵਾਲ ਚੇਅਰਮੈਨ ਮਾਰਕੀਟ ਕਮੇਟੀ, ਰਨਵੀਰ ਸਿੰਘ ਬਲਾਕ ਪ੍ਰਧਾਨ, ਨਰੇਸ਼ ਕੁਮਾਰ ਨੀਟਾ ਚੇਅਰਮੈਨ ,ਪਵਨ ਕੁਮਾਰ ਬਲਾਕ ਪ੍ਰਧਾਨ, ਆਤਮਾ ਰਾਮ ਬਲਾਕ ਪ੍ਰਧਾਨ, ਜਸਵੀਰ ਸਿੰਘ ਘੁੰਮਣ ਬਲਾਕ ਪ੍ਰਧਾਨ, ਨਰੇਸ਼ ਕੁਮਾਰ ਬਲਾਕ ਪ੍ਰਧਾਨ, ਬਲਵੀਰ ਮੀਲੂ ਬਲਾਕ ਪ੍ਰਧਾਨ, ਗੁਰਚੈਨ ਬਲਾਕ ਪ੍ਰਧਾਨ, ਰਵੀ ਇੰਦਰ ਭਾਟੀਆ ਬਲਾਕ ਪ੍ਰਧਾਨ, ਪਰਮਜੀਤ ਬਲਾਕ ਪ੍ਰਧਾਨ ਲਖਵਿੰਦਰ ਸਿੰਘ, ਆਦਿ ਵਰਕਰ ਹਾਜ਼ਰ ਸਨ।

ਮੀਂਹ ਨਾਲ ਮਕਾਨ ਦੀ ਛੱਤ ਢਹਿ ਗਈ

ਗੁਰਾਇਆ (ਬਿੰਦਰ ਸੁੰਮਨ)- ਪਿੰਡ ਗੋਹਾਵਰ ਦਾ ਇੱਕ ਪਰਵਾਰ ਹੈ ਜਿਸ ਦੇ ਇੱਕ ਕਮਰੇ ਦੀ ਛੱਤ ਮੀਂਹ ਕਾਰਨ ਢਹਿ ਗਈ। ਪੀੜਤ ਪਰਿਵਾਰ ਦੇ ਜੋਗਿੰਦਰ ਪਾਲ ਅਤੇ ਉਸ ਦੀ ਬੇਟੀ ਪ੍ਰਿਯੰਕਾ ਨੇ ਦੱਸਿਆ ਕਿ ਕੁਝ ਦਿਨਾਂ ਤੋਂ ਭਾਰੀ ਮੀਂਹ ਕਾਰਨ ਉਹਨਾਂ ਦੇ ਘਰ ਦੇ ਸਾਰੇ ਕਮਰਿਆਂ ਦੀਆਂ ਛੱਤਾਂ

ਵਿੱਚੋਂ ਪਾਣੀ ਟਪਕ ਰਿਹਾ ਹੈ। ਰਾਤ ਨੂੰ ਜਦ ਪੂਰਾ ਪਰਵਾਰ ਸੋ ਰਿਹਾ ਸੀ ਤਾਂ ਅਚਾਨਕ ਦੂਜੇ ਕਮਰੇ ਦੀ ਛੱਤ ਦਾ ਕੁਝ ਹਿੱਸਾ ਢਹਿ ਗਿਆ। ਛੱਤ ਢਹਿਣ ਨਾਲ ਉਹਨਾਂ ਦਾ ਕਾਫ਼ੀ ਨੁਕਸਾਨ ਹੋਇਆ ਹੈ ਅਤੇ ਬਾਕੀ ਕਮਰਿਆਂ ਵਿੱਚੋਂ ਟਪਕ ਰਹੇ ਪਾਣੀ ਕਾਰਨ ਉਹਨਾਂ ਦਾ ਪੂਰਾ ਪਰਵਾਰ ਸਹਿਮਿਆ ਹੋਇਆ ਹੈ। ਪ੍ਰਿਯੰਕਾ ਨੇ ਦੱਸਿਆ ਕਿ ਉਸ ਦਾ ਪਿਤਾ ਜੋਗਿੰਦਰ ਪਾਲ ਦਿਹਾੜੀਦਾਰ ਮਜ਼ਦੂਰੀ ਕਰਕੇ ਪਰਵਾਰ ਦਾ ਪੇਟ ਪਾਲਦਾ ਹੈ। ਘਰ ਦਾ ਗੁਜ਼ਾਰਾ ਮੁਸ਼ਕਲ ਨਾਲ ਚੱਲਣ ਕਰਕੇ ਉਹ ਆਪਣੇ ਘਰ ਦੀ ਮੁਰੰਮਤ ਵੀ ਨਹੀਂ ਕਰਵਾ ਸਕਦੇ। ਉਹਨਾਂ ਨੂੰ ਬਾਲਾ ਛੱਤ ਸਕੀਮ ਦਾ ਵੀ ਕੋਈ ਫ਼ਾਇਦਾ ਨਹੀਂ ਮਿਲਿਆ। ਉਨ੍ਹਾਂ ਨੇ ਸਰਕਾਰ ਤੋਂ ਮਦਦ ਦੀ ਗੁਹਾਰ ਲਗਾਈ।

ਸੰਸਦ ਮੈਂਬਰ ਔਜਲਾ ਪੰਜਾਬ ਵਾਲੀਬਾਲ ਐਸੋਸੀਏਸ਼ਨ ਦੇ ਪ੍ਰਧਾਨ ਬਣੇ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਐੱਮ. ਪੀ. ਗੁਰਜੀਤ ਸਿੰਘ ਔਜਲਾ ਨੂੰ ਸਰਬਸੰਮਤੀ ਨਾਲ ਪੰਜਾਬ ਵਾਲੀਬਾਲ ਐਸੋਸੀਏਸ਼ਨ ਦਾ ਪ੍ਰਧਾਨ ਦੁਬਾਰਾ ਚੁਣਿਆ ਗਿਆ ਹੈ। ਚੋਣ ਵਿੱਚ ਤਰੁਣ ਭਟੇਜਾ ਨੂੰ ਸਕੱਤਰ ਚੁਣਿਆ ਗਿਆ। ਕਪਿਲ ਸੇਠ ਅਤੇ ਰਾਵਲ ਸਿੰਘ ਉਪ ਪ੍ਰਧਾਨ ਬਣੇ। ਅਨਿਲ ਕੁਮਾਰ ਅਤੇ ਅਸ਼ੀਸ਼ਪ੍ਰੀਤ ਸਿੰਘ ਨੂੰ ਸੰਯੁਕਤ ਸਕੱਤਰ ਨਿਯੁਕਤ ਕੀਤਾ ਗਿਆ। ਸੌਰਭ ਪਾਸੀ ਨੂੰ ਖਜ਼ਾਨਚੀ ਚੁਣਿਆ ਗਿਆ। ਅੰਮ੍ਰਿਤਸਰ ਵਿੱਚ ਸਾਲਾਨਾ ਜਨਰਲ ਮੀਟਿੰਗ ਅਤੇ ਕਾਰਜਕ

27-Aug-PAGE-4.qxd 8/26/2025 11:08 PM Page 1

ਨਵਾਂ ਜ਼ਮਾਨਾ
ਬੁੱਧਵਾਰ, 27 ਅਗਸਤ 2025

ਡਰ ਵੱਲ ਖਿਸਕਦੇ ਪਹਾੜਾਂ ਦੇ ਲੋਕ

ਸੜਕਾਂ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਖੁਸ਼ਹਾਲੀ ਤੇ ਆਧੁਨਿਕਤਾ ਲਿਆਉਣ ਵਾਲੀਆਂ ਮੰਨੀਆਂ ਜਾਂਦੀਆਂ ਹਨ, ਪਰ ਉੱਤਰਾਖੰਡ ਦੇ ਪਿੰਡਾਂ ਵਿੱਚ ਇਨ੍ਹਾਂ ਨੇ ਡਰ, ਅੰਧ-ਵਿਸ਼ਵਾਸ ਤੇ ਧਾਰਮਿਕਤਾ ਵਧਾ ਦਿੱਤੀ ਹੈ। ਸਥਾਨਕ ਪੁਜਾਰੀ ਲੋਕਾਂ ਨੂੰ ਇਹ ਵਿਸ਼ਵਾਸ ਦਿਵਾਉਣ 'ਚ ਕਾਮਯਾਬ ਹੋ ਰਹੇ ਹਨ ਕਿ ਪਹਾੜ ਖਿਸਕਣ ਤੇ ਹੜ੍ਹਾਂ ਦਾ ਕਾਰਨ ਲੋਕਾਂ ਵੱਲੋਂ ਦੇਵੀ-ਦੇਵਤਿਆਂ ਨੂੰ ਭੁਲਾਉਣਾ ਹੈ। ਚੀਨ ਤੱਕ ਤੋਪਖਾਨੇ ਦੀ ਢੁਆਈ ਤੇ ਚਾਰ ਧਾਮ ਯਾਤਰਾਵਾਂ ਲਈ ਸੜਕਾਂ ਨੂੰ ਫੋਰਲੇਨ ਬਣਾਉਣ ਤੇ ਸੁਰੰਗਾਂ ਕੱਢਣ ਵਾਸਤੇ ਵੱਡੀ ਪੱਧਰ 'ਤੇ ਪਹਾੜ ਡਾਇਨਾਮਾਈਟ ਨਾਲ ਉਡਾਏ ਗਏ ਹਨ, ਜਿਹੜੇ ਕਮਜ਼ੋਰ ਹੋ ਕੇ ਖਿਸਕ ਰਹੇ ਹਨ। ਨਤੀਜਾ ਵੱਡੇ ਪੱਧਰ 'ਤੇ ਤਬਾਹੀ ਵਿੱਚ ਨਿਕਲ ਰਿਹਾ ਹੈ, ਪਰ ਭੋਲੇ-ਭਾਲੇ ਲੋਕਾਂ ਨੂੰ ਇਹ ਯਕੀਨ ਦਿਵਾਇਆ ਜਾ ਰਿਹਾ ਹੈ ਕਿ ਇਹ ਤਬਾਹੀਆਂ ਉਨ੍ਹਾਂ ਦੇ ਧਾਰਮਕ ਸਰਗਰਮੀਆਂ ਤੋਂ ਬੇਮੁਖ ਹੋਣ ਕਾਰਨ ਵਾਪਰ ਰਹੀਆਂ ਹਨ। ਉਹ ਤਬਾਹੀਆਂ ਟਾਲਣ ਲਈ ਧਾਰਮਕ ਯਾਤਰਾਵਾਂ ਕਰਨ ਲੱਗ ਪਏ ਹਨ। ਚਮੋਲੀ ਜ਼ਿਲ੍ਹੇ, ਜਿੱਥੇ ਬੱਦਲ ਫਟਣ ਨਾਲ ਭਾਰੀ ਜਾਨੀ ਤੇ ਮਾਲੀ ਹਾਨੀ ਹੋਈ ਹੈ, ਵਿੱਚ ਲੋਕ ਜਾਤ ਯਾਤਰਾ 16 ਅਗਸਤ ਤੋਂ 30 ਅਗਸਤ ਤੱਕ ਨਿਕਲਦੀ ਹੈ। ਹਾਲ ਹੀ ਤੱਕ ਇਸ ਵਿੱਚ ਪੰਜ-ਛੇ ਪਿੰਡ ਹੀ ਸ਼ਾਮਲ ਹੁੰਦੇ ਸਨ, ਪਰ ਇਸ ਸਾਲ ਹੁਣ ਤੱਕ ਘੱਟੋ-ਘੱਟ 100 ਪਿੰਡਾਂ ਦੇ ਲੋਕ ਇਸ ਵਿੱਚ ਸ਼ਾਮਲ ਹੋ ਚੁੱਕੇ ਹਨ। ਇਸ ਯਾਤਰਾ ਵਿੱਚ ਲੋਕ ਆਪਣੇ ਪਿੰਡੋਂ ਨੰਦਾ ਦੇਵੀ ਦੀ ਮੂਰਤੀ ਲੈ ਕੇ ਮਾਊਂਟ ਨੰਦਾ ਦੇਵੀ ਤੱਕ ਲੈ ਕੇ ਜਾਂਦੇ ਹਨ। ਉੱਥੇ ਸਰੋਵਰ ਵਿੱਚ ਮੂਰਤੀ ਨੂੰ ਨਹਾ ਕੇ, ਧਾਰਮਕ ਅਨੁਸ਼ਠਾਨ ਕਰਕੇ ਉੱਥੋਂ ਬ੍ਰਹਮ ਕਮਲ ਲੈ ਕੇ ਪਰਤਦੇ ਹਨ। ਬਾਰਾਂ ਸਾਲ ਬਾਅਦ ਵੱਡੀ ਯਾਤਰਾ ਕੱਢੀ ਜਾਂਦੀ ਹੈ, ਜਿਹੜੀ 2026 ਵਿੱਚ ਹੋਣੀ ਹੈ। ਇਸ ਤੋਂ ਇਲਾਵਾ ਰਾਜ ਜਾਤ ਯਾਤਰਾ ਵੀ ਕੱਢੀ ਜਾਂਦੀ ਹੈ, ਜਿਹੜੀ ਪਿੰਡ ਨੋਟੀ ਤੋਂ ਸ਼ੁਰੂ ਹੋ ਕੇ 290 ਕਿੱਲੋਮੀਟਰ ਉੱਪਰ ਬੇਦਨੀ ਬੁਗਯਾਲ ਦੇ ਉੱਤੇ ਹੋਮਕੁੰਡ ਗਲੇਸ਼ੀਅਰ ਤੱਕ ਜਾਂਦੀ ਹੈ। ਪਿੱਛੇ ਜਿਹੇ ਤੋਂ ਉੱਤਰਾਖੰਡ ਦੀ ਭਾਜਪਾ ਸਰਕਾਰ ਇਨ੍ਹਾਂ ਯਾਤਰੀਆਂ ਨੂੰ ਪੁਲਸ ਸੁਰੱਖਿਆ ਪ੍ਰਦਾਨ ਕਰ ਰਹੀ ਹੈ। ਯਾਤਰੀਆਂ ਦੀ ਗਿਣਤੀ ਵਧਣ ਕਾਰਨ ਉਹ ਹੋਰ ਵੀ ਸਹੂਲਤਾਂ ਦੇਣ ਲਈ ਵਿਚਾਰ ਕਰ ਰਹੀ ਹੈ। ਬਾਰਾਂ ਸਾਲ ਬਾਅਦ ਹੋਣ ਵਾਲੀ ਯਾਤਰਾ ਨੂੰ ਉਹ ਕੁੰਭ ਵਾਂਗ ਪ੍ਰਚਾਰਨ ਜਾ ਰਹੀ ਹੈ, ਤਾਂ ਕਿ ਉਸ ਵੱਲੋਂ ਵਿਕਾਸ ਦੇ ਨਾਂਅ 'ਤੇ ਕੁਦਰਤ ਨਾਲ ਕੀਤੇ ਖਿਲਵਾੜ ਤੋਂ ਸਥਾਨਕ ਲੋਕਾਂ ਦਾ ਧਿਆਨ ਭਟਕਾਇਆ ਜਾ ਸਕੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਅਕਸਰ ਕਹਿੰਦੇ ਹਨ ਕਿ ਆਪਦਾ ਵਿੱਚੋਂ ਅਵਸਰ ਲੱਭਣੇ ਚਾਹੀਦੇ ਹਨ। ਕੇਹੀ ਵਿਡੰਬਨਾ ਹੈ ਕਿ ਤਬਾਹੀਆਂ ਵੀ ਭਾਜਪਾ ਦੇ ਵੋਟ ਬੈਂਕ ਵਿੱਚ ਵਾਧਾ ਕਰਨ ਦਾ ਸਬੱਬ ਬਣ ਰਹੀਆਂ ਹਨ।

ਮੌਸਮ ਤੇ ਸਿਆਸੀ ਤੀਰ

ਲੋਕ-ਰੋਹ ਫਿਰ ਬਹੁਤ 'ਪ੍ਰਚੰਡ' ਹੁੰਦਾ,
ਝੂਠਾ ਲੀਡਰ ਜਦ ਮਾਰਦਾ ਤੜੀ ਹੋਵੇ।
ਸੱਤਾਧਾਰੀ ਉਹ ਬਦਲਣਾ ਚਾਹੀਦਾ ਏ,
ਵੋਟ ਸਿਸਟਮ 'ਚ 'ਘੋਲਦਾ ਕੜ੍ਹੀ' ਹੋਵੇ।
'ਕੱਠ ਜਨਤਾ ਦਾ ਇੱਕੋ ਇਲਾਜ ਸਮਝੋ,
ਜੇਕਰ ਹਾਕਮ ਨੇ ਜ਼ਿਦ ਕੋਈ ਫੜੀ ਹੋਵੇ।
ਹੱਥੋਂ ਪਾਰਟੀ ਖਿਸਕਦੀ ਖਿਸਕ ਜਾਂਦੀ,
ਜੇ ਕਿਸਮਤ 'ਭਰਦਾਨ' ਦੀ ਸੜੀ ਹੋਵੇ।
'ਚੱਪਣ' ਰੱਖਦਾ ਨਹੀਂ ਉਹ ਘੜੇ ਉੱਪਰ,
ਨੀਲੇ ਬਾਬੇ ਨੇ ਫੜ ਲਈ ਜੇ ਅੜੀ ਹੋਵੇ।
ਛਿੜਦੀ ਕੰਬਣੀ 'ਹੜ੍ਹਾਂ' ਨੂੰ ਯਾਦ ਕਰਕੇ,
ਸਾਵਣ-ਭਾਦੋਂ ਦੀ ਲੱਗੀ ਜੇ ਝੜੀ ਹੋਵੇ!

-ਤਰਲੋਚਨ ਸਿੰਘ ਦੁਪਾਲਪੁਰ, 78146-92724

ਖ਼ੁਦਮੁਖਤਿਆਰੀ ਗੁਆ ਰਹੀਆਂ ਪੰਚਾਇਤੀ ਸੰਸਥਾਵਾਂ

ਗੁਰਮੀਤ ਸਿੰਘ ਪਲਾਹੀ

ਭਾਰਤ ਵਿੱਚ 6.65 ਲੱਖ ਪਿੰਡ ਹਨ। ਇਹਨਾਂ ਦੇ ਸਥਾਨਿਕ ਪ੍ਰਬੰਧ ਲਈ 2.68 ਲੱਖ ਗ੍ਰਾਮ ਪੰਚਾਇਤਾਂ, 674 ਜ਼ਿਲ੍ਹਾ ਪ੍ਰੀਸ਼ਦ ਅਤੇ 6733 ਬਲਾਕ ਸੰਮਤੀਆਂ ਹਨ। 30 ਲੱਖ ਤੋਂ ਵੱਧ ਚੁਣੇ ਹੋਏ ਪੇਂਡੂ ਨੁਮਾਇੰਦੇ ਪੂਰੇ ਦੇਸ਼ ਵਿੱਚ ਹਨ। ਸਥਾਨਕ ਸਰਕਾਰ ਕਹਾਉਂਦੀਆਂ ਪਿੰਡ ਪੰਚਾਇਤਾਂ ਅਜੋਕੇ ਸਿਆਸੀ ਮਾਹੌਲ ਵਿੱਚ ਅਪਰਾਧੀਕਰਨ, ਬਾਹੂਬਲ, ਜਾਤੀਵਾਦ ਅਤੇ ਊਚ-ਨੀਚ ਜਿਹੀਆਂ ਕੁਰੀਤੀਆਂ ਦੀ ਜਕੜ ਵਿੱਚ ਹਨ ਅਤੇ ਆਪਣੀ ਅਸਲੀ ਦਿੱਖ ਗੁਆਉਂਦੀਆਂ ਜਾ ਰਹੀਆਂ ਹਨ।

ਇਹੋ ਜਿਹੇ ਹਾਲਾਤ ਵਿੱਚ ਕੀ ਪੰਚਾਇਤਾਂ ਆਮ ਆਦਮੀ ਦੀ ਤਾਕਤ ਬਣ ਰਹੀਆਂ ਹਨ? ਕੀ ਪੰਚਾਇਤਾਂ ਪੇਂਡੂ ਵਿਕਾਸ ਦੀ ਚਾਲ ਤੇਜ਼ ਕਰ ਰਹੀਆਂ ਹਨ? ਕੀ ਪੰਚਾਇਤਾਂ ਚੰਗੇਰੇ ਪ੍ਰਬੰਧ, ਪਿੰਡਾਂ ਦੀ ਖੁਸ਼ਹਾਲੀ ਦਾ ਸਾਧਨ ਬਣੀਆ ਹਨ ਜਾਂ ਕੀ ਪੰਚਾਇਤਾਂ ਸਵਰਾਜ ਨੂੰ ਅੱਗੇ ਵਧਾਉਣ ਲਈ ਕੋਈ ਸਾਰਥਿਕ ਭੂਮਿਕਾ ਨਿਭਾ ਸਕੀਆਂ ਹਨ?

ਪੰਚਾਇਤ ਨੂੰ ਲੋਕਤੰਤਰਿਕ ਵਿਕੇਂਦਰੀਕਰਨ ਦਾ ਪੂਰਕ ਮੰਨਿਆ ਗਿਆ ਹੈ। ਸਮੁੱਚਾ ਪੇਂਡੂ ਭਾਈਚਾਰਕ ਵਿਕਾਸ ਇਸ ਦੀ ਨੀਂਹ ਹੈ। ਇਸੇ ਅਧਾਰ 'ਤੇ ਦੇਸ਼ ਵਿੱਚ ਪਿੰਡਾਂ ਦਾ ਸਮੂਹਿਕ ਵਿਕਾਸ ਅਤੇ ਭਾਈਚਾਰਕ ਢਾਂਚਾ ਮਜ਼ਬੂਤ ਕਰਨ ਦਾ ਟੀਚਾ ਮਿਥਿਆ ਗਿਆ, ਪਰ ਪਿੰਡਾਂ ਦੇ ਵਿਕਾਸ ਦੇ ਹੁਣ ਤੱਕ ਦੇ ਬਹੁਤੇ ਤਜਰਬੇ ਫੇਲ੍ਹ ਹੋਏ।

ਜਿਹਨਾਂ ਪੰਚਾਇਤਾਂ ਨੂੰ ਸਿਆਸਤ ਤੋਂ ਪਰ੍ਹੇ ਰੱਖਣ ਦੀ ਗੱਲ੍ਹ ਹੋਈ, ਉਹੀ ਪੰਚਾਇਤਾਂ ਸਿਆਸਤ ਦੇ ਪੰਜੇ 'ਚ ਹਨ। ਜਿਹੜੀਆਂ ਪੰਚਾਇਤਾਂ ਲੋਕ ਮਸਲਿਆਂ ਦੇ ਹੱਲ ਲਈ ਸਨ, ਇਹੋ ਪੰਚਾਇਤਾਂ ਲੋਕ ਸਮੱਸਿਆਵਾਂ ਦੇ ਵਾਧੇ ਦਾ ਕਾਰਨ ਬਣੀਆ ਹਨ। ਪੰਚਾਇਤਾਂ, ਜਿਹਨਾਂ ਲੋਕਤੰਤਰ ਨੂੰ ਮੋਢਾ ਦੇ ਕੇ ਥੰਮਿਆ ਹੋਇਆ ਸੀ, ਉਹ ਆਪ ਕਈ ਜੰਜਾਲਾਂ 'ਚ ਫਸੀਆ ਹਨ। ਚਾਹੇ ਇਹ ਜੰਜਾਲ ਵਿੱਤੀ ਸੰਕਟ ਹੋਵੇ ਜਾਂ ਧੜੇਬੰਦੀ, ਸਿਆਸੀ ਦਖਲਅੰਦਾਜੀ ਜਾਂ ਰੂੜ੍ਹੀਵਾਦੀ ਸੋਚ, ਅਨਪੜ੍ਹਤਾ ਜਾਂ ਜਾਤੀਵਾਦ ਦਾ ਅਸਰ ਹੋਵੇ, ਪਰ ਇਸ ਸਭ ਕੁਝ ਦੇ ਬਾਵਜੂਦ ਦੇਸ਼ ਵਿੱਚ ਪੰਚਾਇਤਾਂ ਦਾ ਹੋਰ ਕੋਈ ਬਦਲ ਵੀ ਨਹੀਂ ।

ਇਸੇ ਕਰਕੇ ਪੰਚਾਇਤ ਪ੍ਰਬੰਧਨ ਅਤੇ ਪੇਂਡੂ ਵਿਕਾਸ ਦੀ ਗਤੀਸ਼ੀਲਤਾ ਲਈ ਦੇਸ਼ ਦੀ ਅਜ਼ਾਦੀ ਉਪਰੰਤ ਕਈ ਯਤਨ ਹੋਏ। ਨਵੀਂਆਂ ਨੀਤੀਆਂ ਘੜੀਆਂ ਗਈਆਂ। ਪੇਂਡੂ ਵਿਕਾਸ ਲਈ ਵੱਖਰੀਆਂ ਸਕੀਮਾਂ ਬਣਾਈਆਂ ਗਈਆਂ। ਬਲਵੰਤ ਰਾਏ ਮਹਿਤਾ ਕਮੇਟੀ ਦਾ ਗਠਨ, ਅਜ਼ਾਦੀ ਉਪਰੰਤ ਪਿੰਡਾਂ ਦੇ ਵਿਕਾਸ ਲਈ ਰੂਪ-ਰੇਖਾ ਤਿਆਰ ਕਰਨ ਦਾ ਆਰੰਭ ਸੀ। ਪੰਚਾਇਤਾਂ ਨੂੰ ਵੱਧ ਅਧਿਕਾਰ ਮਿਲਣ, ਪੰਚਾਇਤਾਂ ਵਿੱਤੀ ਤੌਰ 'ਤੇ ਸੰਪੰਨ ਹੋਣ, ਪਿੰਡਾਂ ਦਾ ਪ੍ਰਸ਼ਾਸਨ ਮਜ਼ਬੂਤ ਹੋਵੇ ਅਤੇ ਉਹ ਇਕ ਸਥਾਨਕ ਸਰਕਾਰ ਵਜੋਂ ਕੰਮ ਕਰ ਸਕਣ, ਇਸ ਸੋਚ ਨੂੰ ਲੈ ਕੇ ਸਮੇਂ-ਸਮੇਂ ਸਰਕਾਰਾਂ ਦੇ ਯਤਨ ਭਾਵੇਂ ਛੁਟਿਆਏ ਨਹੀਂ ਜਾ ਸਕਦੇ, ਪਰ ਪੇਂਡੂ ਵਿਕਾਸ ਦੀ ਜਿਹੜੀ ਗੂੜ੍ਹੀ ਛਾਪ ਦਿਖਣੀ ਚਾਹੀਦੀ ਸੀ, ਉਹ ਕਦੇ ਵੀ ਦਿਖ ਨਹੀਂ ਸਕੀ।

ਸੰਵਿਧਾਨ ਦੀ 73ਵੀਂ ਸੋਧ ਨਾਲ ਪਿੰਡਾਂ ਦੀਆਂ ਪੰਚਾਇਤਾਂ ਨੂੰ ਵਧੇਰੇ ਅਧਿਕਾਰ ਦਿੱਤੇ ਜਾਣੇ ਪਾਸ ਕੀਤੇ ਗਏ। ਕੁਝ ਕੁ ਸੂਬਿਆਂ 'ਚ ਇਸ ਸੋਧ ਦੇ ਅਧੀਨ ਕੰਮ ਵੀ ਆਰੰਭ ਹੋਇਆ। ਇਹਨਾਂ ਦਿੱਤੇ ਅਧਿਕਾਰਾਂ 'ਚ ਸੂਬੇ ਭਰ ਦੇ 29 ਮਹਿਕਮਿਆਂ ਦੇ ਕੰਮਕਾਰ ਦੀ ਨਿਗਰਾਨੀ ਪੰਚਾਇਤਾਂ ਨੂੰ ਸੌਂਪੀ ਗਈ, ਪਰ ਇਸ ਸੋਧ ਨੂੰ ਅਮਲੀ ਤੌਰ 'ਤੇ ਨਾ ਸੂਬਿਆਂ ਦੇ ਉੱਚ ਪ੍ਰਸ਼ਾਸਨ ਨੇ ਪ੍ਰਵਾਨ ਕੀਤਾ ਅਤੇ ਨਾ ਹੀ ਸਿਆਸਤਦਾਨਾਂ ਨੇ।

ਸਿੱਟੇ ਵਜੋਂ ਜ਼ਿਲ੍ਹਿਆਂ 'ਚ ਬਣੀ ਸਥਾਨਕ ਸਰਕਾਰ ਜ਼ਿਲ੍ਹਾ ਪ੍ਰੀਸ਼ਦ, ਬਲਾਕਾਂ 'ਚ ਬਣੀ ਬਲਾਕ ਸੰਮਤੀ ਪੰਗੂ ਬਣਾ ਕੇ ਰੱਖ ਦਿੱਤੀ ਗਈ, ਕਿਉਂਕਿ ਸਾਰੀਆਂ ਕਾਰਜਕਾਰੀ ਸ਼ਕਤੀਆਂ ਸਰਕਾਰੀ ਨਿਯਮ ਬਣਾ ਕੇ ਪ੍ਰਸ਼ਾਸ਼ਨ ਦੇ ਸਪੁਰਦ ਕਰ ਦਿੱਤੀਆਂ ਗਈਆਂ।

ਇਸ ਸੋਧ ਅਧੀਨ ਪੰਚਾਇਤੀ ਸੰਸਥਾਵਾਂ ਵਿੱਚ ਔਰਤਾਂ ਲਈ ਇਕ ਤਿਹਾਈ ਰਾਖਵਾਂਕਰਨ ਕੀਤਾ ਗਿਆ, ਜੋ ਹੁਣ 50 ਫੀਸਦੀ ਹੈ। ਇਹ ਆਪਣੇ ਆਪ ਵਿੱਚ ਪਿਛਲੇ ਤਿੰਨ ਦਹਾਕਿਆਂ 'ਚ ਵੱਡਾ ਬਦਲਾਅ ਸੀ। ਇਸ ਨਾਲ ਗਿਣਾਤਮਿਕ ਤੌਰ 'ਤੇ ਔਰਤਾਂ ਦੀ ਹਿੱਸੇਦਾਰੀ ਵਧੀ, ਪਰ ਜ਼ਮੀਨੀ ਪੱਧਰ 'ਤੇ ਜੇਕਰ ਦੇਖਿਆ ਜਾਵੇ ਤਾਂ ਇਹ ਬਦਲਾਅ ਪੁਰਸ਼ ਪ੍ਰਧਾਨ ਸਮਾਜ 'ਚ ਉਹ ਸਿੱਟੇ ਨਹੀਂ ਕੱਢ ਸਕਿਆ, ਜੋ ਇਸ ਤਬਦੀਲੀ ਨਾਲ ਪਿੰਡਾਂ 'ਚ ਹੋਣੇ ਸਨ। ਉਹ ਬਰਾਬਰੀ, ਜਿਹੜੀ ਔਰਤਾਂ ਨੂੰ ਮਿਲਣੀ ਚਾਹੀਦੀ ਹੈ, ਸਮਾਜ 'ਚ ਨਹੀਂ ਮਿਲ ਸਕੀ ਅਤੇ ਪ੍ਰਬੰਧਨ ਵਿੱਚ ਵੀ ਉਹਨਾਂ ਦੀ ਭਾਗੀਦਾਰੀ ਯਕੀਨੀ ਨਹੀਂ ਹੋ ਸਕੀ। ਇਸ ਦਾ ਇਕ ਕਾਰਨ ਪੇਂਡੂ ਖੇਤਰ 'ਚ ਫੈਲੀ ਅਨਪੜ੍ਹਤਾ ਵੀ ਹੈ। ਸਾਲ 2011 ਦੀ ਮਰਦਮਸ਼ੁਮਾਰੀ ਅਨੁਸਾਰ ਦੇਸ਼ ਦਾ ਹਰ ਚੌਥਾ ਵਿਅਕਤੀ ਅਨਪੜ੍ਹ ਹੈ। ਅਨਪੜ੍ਹ ਔਰਤਾਂ ਦੀ ਗਿਣਤੀ ਵੱਧ ਹੈ ਅਤੇ ਪੇਂਡੂ ਖੇਤਰ 'ਚ ਤਾਂ ਇਹ ਅਨਪੜ੍ਹਤਾ ਖਾਸ ਕਰਕੇ ਔਰਤਾਂ 'ਚ ਵੱਧ ਹੈ।

ਭਾਰਤ ਸਰਕਾਰ ਦੇ 2025-26 ਦੇ ਬਜਟ ਵਿੱਚ ਪੇਂਡੂ ਵਿਕਾਸ ਨੂੰ ਰਫ਼ਤਾਰ ਦੇਣ ਲਈ ਕੁਝ ਯੋਜਨਾਵਾਂ ਉਲੀਕੀਆਂ ਗਈਆਂ ਹਨ, ਜਿਨ੍ਹਾਂ ਵਿੱਚ 2028 ਤੱਕ ਜਲ ਜੀਵਨ ਮਿਸ਼ਨ, ਬ੍ਰਾਡਬੈਂਡ ਸੁਵਿਧਾ ਦੇਣਾ ਵਿਸ਼ੇਸ਼ ਤੌਰ 'ਤੇ ਮਿਥਿਆ ਗਿਆ ਹੈ। ਇਹਨਾਂ ਯੋਜਨਾਵਾਂ 'ਚ ਪੇਂਡੂ ਔਰਤਾਂ, ਕਿਸਾਨਾਂ, ਹਾਸ਼ੀਏ 'ਤੇ ਪਏ ਭਾਈਚਾਰਿਆਂ ਅਤੇ ਭੂਮੀਹੀਣ ਪਰਵਾਰਾਂ ਨੂੰ ਰੁਜ਼ਗਾਰ ਦੀ ਪ੍ਰਾਪਤੀ ਦੇਣਾ ਸ਼ਾਮਲ ਹੈ। ਫ਼ਸਲ ਬੀਮਾ ਯੋਜਨਾ, ਰਾਸ਼ਟਰੀ ਗਵਰਨੈਂਸ ਕਾਰਜ ਅਧੀਨ ਖਾਸ ਤੌਰ 'ਤੇ ਪਿੰਡਾਂ 'ਚ ਸੇਵਾਵਾਂ ਦੇਣੀਆਂ ਮਿੱਥੀਆਂ ਗਈਆਂ, ਪਰ ਅਨਪੜ੍ਹਤਾ ਅਤੇ ਹੱਕਾਂ ਪ੍ਰਤੀ ਅਗਿਆਨਤਾ ਕਾਰਨ ਇਹ ਪੇਂਡੂ ਲੋਕਾਂ ਤੱਕ ਪੁੱਜ ਨਹੀਂ ਰਹੀਆਂ।

ਇਸ ਸਭ ਕੁਝ ਤੋਂ ਵੀ ਵੱਡਾ ਸਵਾਲ ਇਹ ਪੈਦਾ ਹੋ ਰਿਹਾ ਹੈ ਕਿ ਕੀ ਪਿੰਡਾਂ ਦੇ ਲੋਕ ਅਜ਼ਾਦੀ ਉਪਰੰਤ ਡਰ ਰਹਿਤ ਹੋਏ ਹਨ? ਆਪਣੀ ਤਾਕਤ ਦੀ ਪਛਾਣ ਕਰ ਸਕੇ ਹਨ? ਕੀ ਉਹਨਾਂ ਵਿੱਚ ਹੌਸਲਾ ਪੈਦਾ ਹੋਇਆ ਜਾਂ ਵਧਿਆ ਹੈ? ਕੀ ਉਹ ਮਾਨਸਿਕ ਤੌਰ 'ਤੇ ਦੇਸ਼ ਭਾਰਤ ਦੇ ਵਸਨੀਕ ਹੁੰਦਿਆਂ ਆਪਣੇ ਹੱਕਾਂ, ਫ਼ਰਜ਼ਾਂ ਪ੍ਰਤੀ ਜਾਗਰੂਕ ਹੋਏ ਹਨ ਜਾਂ ਕੀ ਉਹ ਸਿਰਫ਼ ਅਫ਼ਸਰਾਂ, ਸਿਆਸਤਦਾਨਾਂ ਜਾਂ ਕੰਮ ਕਰਾਉਣ ਵਾਲੇ ਵਿਚੋਲਿਆਂ 'ਤੇ ਹੀ ਨਿਰਭਰ ਹਨ? ਕਿਉਂਕਿ ਸਿਆਸੀ ਧਿਰ ਪਿੰਡਾਂ ਦੇ ਲੋਕਾਂ ਦੀਆਂ ਵੋਟਾਂ ਤਾਂ ਚਾਹੁੰਦੀ ਹੈ, ਪਰ ਉਹਨਾਂ ਨੂੰ ਸੰਵਿਧਾਨ 'ਚ ਮਿਲੇ ਅਧਿਕਾਰ ਦੇਣ ਤੋਂ ਕੰਨੀ ਕਤਰਾਉਂਦੀਆਂ ਹਨ।

ਬੁਨਿਆਦੀ ਢਾਂਚੇ ਦੀ ਉਸਾਰੀ ਜਿੰਨੀ ਸ਼ਹਿਰਾਂ 'ਚ ਹੋਈ, ਪਿੰਡਾਂ 'ਚ ਨਹੀਂ ਹੋਈ। ਵੱਡੇ ਹਸਪਤਾਲ, ਵੱਡੇ ਦਫ਼ਤਰ, ਵੱਡੇ ਸਕੂਲ, ਕਾਲਜ, ਯੂਨੀਵਰਸਿਟੀਆਂ ਪਿੰਡਾਂ 'ਚ ਕਿੰਨੇ ਹਨ? ਕਿੰਨੇ ਪੇਂਡੂ ਲੋਕਾਂ ਦੀ ਵੱਡੇ ਹਸਪਤਾਲਾਂ, ਕਾਲਜਾਂ, ਯੂਨੀਵਰਸਿਟੀਆਂ ਤੱਕ ਪਹੁੰਚ ਹੈ ਜਾਂ ਕਿੰਨੇ ਪੇਂਡੂਆਂ ਲਈ ਇਹ ਸਹੂਲਤਾਂ ਖੁੱਲ੍ਹੀਆਂ ਹਨ?

ਬਾਵਜੂਦ ਇਸ ਦੇ ਕਿ ਦੇਸ਼ ਦੀ ਵੱਡੀ ਅਬਾਦੀ ਪੇਂਡੂ ਹੈ। ਪਿੰਡਾਂ ਵਿੱਚ ਜੀਵਨ ਲਈ ਲੋੜੀਦੀਆਂ ਘੱਟੋ-ਘੱਟ ਸਹੂਲਤਾਂ ਦੀ ਘਾਟ ਹੈ। ਸਾਫ਼ ਪਾਣੀ ਦੀ ਉਪਲੱਬਧਤਾ ਨਹੀਂ, ਆਵਾਜਾਈ ਦੇ ਸਾਧਨ ਨਹੀਂ, ਸਕੂਲਾਂ ਦੀ ਘਾਟ ਹੈ, ਸਿਹਤ ਸਹੂਲਤਾਂ ਨਾਂਹ ਦੇ ਬਰਾਬਰ ਹਨ। ਇਹੋ ਸਭ ਕੁਝ ਸੁਧਾਰਨ ਲਈ ਪਿੰਡਾਂ ਦੇ ਵਿਕਾਸ ਦੀ ਲੋੜ ਸੀ। ਪੇਂਡੂ ਲੋਕਾਂ ਨੂੰ ਹੱਕ ਪ੍ਰਦਾਨ ਕਰਨ ਲਈ ਸਥਾਨਕ ਲੋੜਾਂ ਦੇ ਪ੍ਰਬੰਧ ਲਈ ਸਥਾਨਕ ਸਰਕਾਰਾਂ, ਜਿਹਨਾਂ ਕੋਲ ਆਪਣੇ ਅਧਿਕਾਰ ਹੋਣ ਦੀ ਅਤਿਅੰਤ ਲੋੜ ਸੀ। ਹਾਕਮਾਂ, ਸਿਆਸਤਦਾਨਾਂ ਨੇ ਇਹ ਲੋੜ ਮਹਿਸੂਸ ਵੀ ਕੀਤੀ । ਪੇਂਡੂ ਲੋਕਾਂ ਨੂੰ ਨਿੱਤ ਨਵੀਆਂ ਸਕੀਮਾਂ ਘੜ ਕੇ ਸੁਪਨੇ ਵੀ ਨਵੇਂ ਵਿਖਾਵੇ, ਪਰ ਅਸਲ 'ਚ ਸਥਾਨਕ ਪ੍ਰਬੰਧ, ਜੋ ਚੁਣੇ ਹੋਏ ਲੋਕ ਨੁਮਾਇੰਦਿਆਂ ਨੂੰ ਦਿੱਤਾ ਜਾਣਾ ਬਣਦਾ ਸੀ, ਉਸ ਤੋਂ ਪੇਂਡੂ ਲੋਕਾਂ ਨੂੰ ਹੁਣ ਤੱਕ ਵੀ ਵਿਰਵੇ ਰੱਖਿਆ ਗਿਆ ਹੈ, ਕੋਹਾਂ ਦੂਰ ਰੱਖਿਆ ਗਿਆ। ਕਹਿਣ ਨੂੰ ਤਾਂ ਪੇਂਡੂ ਸੰਸਥਾਵਾਂ ਦੀਆਂ ਚੋਣਾਂ ਹੁੰਦੀਆਂ ਹਨ, ਉਹਨਾਂ ਨੂੰ ਵਧੇਰੇ ਅਹਿਮੀਅਤ ਦੇਣ ਦੀ ਗੱਲ ਵੀ ਹੁੰਦੀ ਹੈ, ਪਰ ਇਹ ਸਿਆਸਤ ਦੀ ਭੇਟ ਚੜ੍ਹਦੀਆਂ ਹਨ।

ਭਾਰਤ ਵਿੱਚ ਪੰਚਾਇਤਾਂ ਦਾ ਕੰਮ ਪੂਰੀ ਤਰ੍ਹਾਂ ਸਫ਼ਲ ਨਹੀਂ ਹੋਇਆ। ਪੰਚਾਇਤਾਂ ਦੀ ਫੰਡਾਂ ਲਈ ਕੇਂਦਰ ਅਤੇ ਰਾਜ ਸਰਕਾਰਾਂ 'ਤੇ ਬਹੁਤ ਜ਼ਿਆਦਾ ਨਿਰਭਰਤਾ ਹੈ। ਉਹਨਾਂ ਕੋਲ ਆਪਣੀ ਕਮਾਈ ਦੇ ਸਾਧਨ ਨਹੀਂ ਹਨ। ਉਹਨਾਂ ਨੂੰ ਖ਼ੁਦਮੁਖਤਿਆਰ ਹੋਣ ਦਾ ਹੱਕ ਵੀ ਨਹੀਂ।

ਉਂਜ ਵੀ ਕਿਉਂਕਿ ਪੰਚਾਇਤ ਨੁਮਾਇੰਦਿਆਂ ਕੋਲ ਪ੍ਰਸ਼ਾਸਨਿਕ ਕੰਮ, ਬਜਟ ਪ੍ਰਬੰਧਨ, ਯੋਜਨਾਬੰਦੀ ਲਈ ਸਿਖਲਾਈ ਅਤੇ ਸਮਰੱਥਾ ਦੀ ਘਾਟ ਹੁੰਦੀ ਹੈ, ਇਸ ਕਾਰਨ ਪ੍ਰੋਗਰਾਮਾਂ ਨੂੰ ਸਹੀ ਢੰਗ ਨਾਲ ਲਾਗੂ ਕਰਨ 'ਚ ਔਖਿਆਈ ਆਉਂਦੀ ਹੈ। ਸੰਵਿਧਾਨ ਦੀ 73ਵੀਂ ਸੋਧ ਅਨੁਸਾਰ ਪਿੰਡ ਦੀ ਗ੍ਰਾਮ ਸਭਾ ਨੂੰ (ਯਾਨੀ ਪਿੰਡ ਦੇ ਵੋਟਰਾਂ ਦੀ ਸਭਾ) ਪੰਚਾਇਤੀ ਰਾਜ ਪ੍ਰਣਾਲੀ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਦਿੱਤੀ ਗਈ ਹੈ, ਪਰ ਅਮਲੀ ਰੂਪ ਵਿੱਚ ਇਸ ਦੀ ਭਾਗੀਦਾਰੀ ਬਹੁਤ ਘੱਟ ਹੁੰਦੀ ਹੈ। ਇਹ ਸਿਸਟਮ ਵਿੱਚ ਜਵਾਬਦੇਹੀ ਦੀ ਕਮੀ ਦਾ ਕਾਰਨ ਬਣਦਾ ਹੈ।

ਸਿਆਸਤ ਨੇ ਪੰਚਾਇਤੀ ਸੰਸਥਾਵਾਂ ਨੂੰ ਬੁ

27-AUG-PAGE-5.qxd 8/26/2025 11:04 PM Page 1

ਭਾਰੀ ਮੀਂਹ ਕਾਰਨ ਅਨੇਕਾਂ ਸਕੂਲਾਂ 'ਚ ਭਰਿਆ ਪਾਣੀ

ਮਾਨਸਾ (ਆਤਮਾ ਸਿੰਘ ਪਮਾਰ)

ਭਾਰੀ ਬਾਰਸ਼ ਦੇ ਚਲਦਿਆਂ ਮਾਨਸਾ ਜ਼ਿਲ੍ਹੇ ਦੇ ਅਨੇਕਾਂ ਸਕੂਲਾਂ ਵਿੱਚ ਪਾਣੀ ਭਰ ਗਿਆ ਹੈ, ਜਿਸ ਕਾਰਨ ਅੱਜ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਸਕੂਲ ਜਾਣ ਸਮੇਂ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਤੇ ਹਰਜਿੰਦਰ ਅਨੂਪਗੜ੍ਹ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੀਤੇ ਦਿਨਾਂ ਤੋਂ ਹੋ ਰਹ ਭਾਰੀ ਬਾਰਸ਼ ਕਾਰਨ ਅਨੇਕਾਂ ਸਕੂਲਾਂ ਵਿੱਚ ਪਾਣੀ ਭਰ ਗਿਆ, ਜਿਸ ਕਾਰਨ ਵਿਦਿਆਰਥੀ ਸਕੂਲ ਨਹੀਂ ਆ ਸਕੇ ਤੇ ਅਧਿਆਪਕਾਂ ਨੂੰ ਵੀ ਪਾਣੀ ਵਿੱਚੋਂ ਲੰਘ ਕੇ ਸਕੂਲਾਂ ਵਿੱਚ ਪਹੁੰਚਣਾ ਪਿਆ। ਜ਼ਿਆਦਾਤਰ ਸਕੂਲਾਂ ਵਿੱਚ ਤਾਂ ਅਧਿਆਪਕਾਂ ਦੇ ਬੈਠਣ ਖੜਨ ਲਈ ਵੀ ਜਗ੍ਹਾ ਨਹੀਂ ਸੀ, ਹਰ ਥਾਂ ਪਾਣੀ ਹੀ ਪਾਣੀ ਸੀ।

ਉਨ੍ਹਾਂ ਦੱਸਿਆ ਕਿ ਸਵੇਰੇ ਸਕੂਲ ਖੁੱਲ੍ਹਦਿਆਂ ਹੀ ਜਥੇਬੰਦੀ ਨੂੰ ਅਧਿਆਪਕਾਂ ਦੇ ਪਾਣੀ ਭਰਨ ਕਾਰਨ ਆ ਰਹੀਆਂ ਦਿੱਕਤਾਂ ਦੇ ਫੋਨ ਆਉਣੇ ਸ਼ੁਰੂ ਹੋ ਗਏ। ਡੀ ਟੀ ਐੱਫ਼ ਦੇ ਸੀਨੀਅਰ ਆਗੂਆਂ ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਨੇ ਦੱਸਿਆ ਕਿ ਜ਼ਿਲ੍ਹੇ ਵੱਡੇ ਪਿੰਡਾਂ ਜੋਗਾ, ਭੀਖੀ, ਹੋਡਲਾ ਕਲਾਂ, ਮੀਰਪੁਰ ਕੁਲਰੀਆਂ, ਕਲੀਪੁਰ, ਬੁਢਲਾਡਾ, ਅਕਲੀਆ, ਖਿਆਲਾ, ਹੀਰੋ ਕਲਾਂ, ਖੋਖਰ ਕਲਾਂ ਸਮੇਤ ਅਨੇਕਾਂ ਪਿੰਡਾਂ ਦੇ ਸਕੂਲਾਂ ਵਿੱਚ ਪਾਣੀ ਭਰਨ ਕਾਰਨ ਬੱਚੇ ਸਕੂਲਾਂ 'ਚ ਨਹੀਂ ਪਹੁੰਚ ਸਕੇ। ਆਗੂਆਂ ਨੇ ਦੱਸਿਆ ਕਿ ਉਹ ਸਵੇਰ ਤੋਂ ਹੀ ਲਗਾਤਾਰ ਮਾਨਸਾ ਦੇ ਦੋਵੇਂ ਜ਼ਿਲ੍ਹਾ ਸਿੱਖਿਆ ਅਫਸਰਾਂ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਸਕੂਲਾਂ ਦੀ ਸਥਿਤੀ ਤੋਂ ਜਾਣੂ ਕਰਵਾਉਂਦੇ ਰਹੇ। ਉਨ੍ਹਾਂ ਮੰਗ ਕੀਤੀ ਕਿ ਬੱਚਿਆਂ ਤੇ ਅਧਿਆਪਕਾਂ ਦੀ ਸੁਰੱਖਿਆ ਦੇ ਮੰਦੇਨਜ਼ਰ ਪ੍ਰਭਾਵਿਤ ਸਕੂਲਾਂ ਵਿੱਚ ਤੁਰੰਤ ਛੁੱਟੀਆਂ ਕੀਤੀਆਂ ਜਾਣ। ਖ਼ਬਰ ਲਿਖਣ ਤੱਕ ਪ੍ਰਸਾਸ਼ਨ ਵੱਲੋਂ ਇਸ ਸਮੱਸਿਆ ਪ੍ਰਤੀ ਕੋਈ ਕਾਰਵਾਈ ਨਹੀਂ ਕੀਤੀ ਗਈ ਤੇ ਅਧਿਆਪਕ ਸਾਰਾ ਦਿਨ ਪਾਣੀ ਵਿੱਚ ਭਰੇ ਸਕੂਲਾਂ ਵਿੱਚ ਬੈਠੇ ਰਹੇ। ਜਥੇਬੰਦੀ ਦੇ ਆਗੂਆਂ ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜਾਵਾਲ, ਹਰਫੂਲ ਸਿੰਘ, ਰਾਜਿੰਦਰ ਸਿੰਘ ਆਗੂਆਂ ਨੇ ਹੈਰਾਨੀ ਪ੍ਰਗਟ ਕਰਦਿਆਂ ਦੱਸਿਆ ਕਿ ਇਹੋ ਜਿਹੀ ਐਮਰਜੰਸੀ ਵਿੱਚ ਤੁਰੰਤ ਫ਼ੈਸਲਾ ਲੈਣ ਦੀ ਲੋੜ ਹੁੰਦੀ ਹੈ, ਪਰ ਪੂਰਾ ਦਿਨ ਬੀਤ ਜਾਣ ਦੇ ਬਾਵਜੂਦ ਕੋਈ ਫ਼ੈਸਲਾ ਨਹੀਂ ਲਿਆ ਗਿਆ। ਇਸ ਸਮੇਂ ਦਮਨਜੀਤ ਸਿੰਘ, ਮਨਦੀਪ ਕੋਟਲੀ, ਸਿਕੰਦਰ ਕੋਟਲੀ, ਨਵੀਨ ਬੋਹਾ, ਕੁਲਦੀਪ ਅੱਕਾਵਾਲੀ, ਅਮਰੀਕ ਬੋਹਾ, ਰਾਜ ਸਿੰਘ, ਨਵਜੋਸ਼ ਸਪੋਲੀਆ, ਸੰਦੀਪ ਧਰਮਪੁਰਾ, ਗੁਰਦੀਪ ਬਰਨਾਲਾ,ਚਰਨਪਾਲ ਸਿੰਘ, ਜਸਵਿੰਦਰ ਹਾਕਮਵਾਲਾ, ਬਲਕਾਰ ਸਿੰਘ, ਰਾਜਿੰਦਰ ਸਿੰਘ ਐੱਚ ਟੀ, ਗੁਰਦੀਪ ਝੰਡੂਕੇ, ਸੁਖਚੈਨ ਸੋਖੋਂ, ਮੱਘਰ ਸਿੰਘ, ਜਗਪਾਲ ਸਿੰਘ, ਅਰਵਿੰਦਰ ਸਿੰਘ, ਅਮਨਦੀਪ ਕੌਰ, ਬੇਅੰਤ ਕੌਰ, ਖੁਸ਼ਵਿੰਦਰ ਕੌਰ, ਅਮਰਪ੍ਰੀਤ ਕੌਰ, ਨਿਰਲੇਪ ਕੌਰ, ਮਨਵੀਰ ਕੌਰ, ਗੁਰਜੀਤ ਮਾਨਸਾ, ਅਮਰਜੀਤ ਸਿੰਘ, ਸੁਖਵਿੰਦਰ ਗਾਮੀਵਾਲਾ, ਜਸਵਿੰਦਰ ਕਾਮਰੇਡ, ਰੋਹਿਤ ਬੁਰਜ ਹਰੀ, ਹਰਵਿੰਦਰ ਸਮਾਓਂ, ਮਨਦੀਪ ਕੁਮਾਰ, ਕੁਲਵਿੰਦਰ ਦਲੇਲਵਾਲਾ, ਬਲਜਿੰਦਰ ਦਲੇਲਵਾਲਾ, ਧਰਮ ਸਿੰਘ ਆਦਿ ਅਧਿਆਪਕ ਆਗੂ ਹਾਜ਼ਰ ਸਨ।

ਜੋਧਪੁਰ 'ਚ ਬਾਰਸ਼ ਨਾਲ ਮਕਾਨ ਡਿੱਗਾ, ਜਾਨੀ ਨੁਕਸਾਨ ਤੋਂ ਬਚਾਅ

ਗਰੀਬ ਪਰਵਾਰ ਨੇ ਲਾਈ ਪ੍ਰਸ਼ਾਸਨ ਤੋਂ ਮਦਦ ਦੀ ਗੁਹਾਰ

ਮਮਦੋਟ (ਜਸਬੀਰ ਸਿੰਘ ਕੰਬੋਜ)- ਪਿਛਲੇ ਕੁੱਝ ਦਿਨਾਂ ਤੋਂ ਹੋ ਰਹੀ ਤੇਜ਼ ਬਾਰਸ਼ ਦੇ ਚਲਦਿਆਂ ਹਲਕਾ ਫਿਰੋਜ਼ਪੁਰ ਦਿਹਾਤੀ ਅਧੀਨ ਆਉਂਦੇ ਬਲਾਕ ਮਮਦੋਟ ਦੇ ਪਿੰਡ ਜੋਧਪੁਰ ਵਿਖੇ ਪਿੰਡ ਵਿੱਚ ਰਹਿੰਦੇ ਗਰੀਬ ਪਰਿਵਾਰ ਦੇ ਕਮਰੇ ਦੀ ਛੱਤ ਅਚਨਚੇਤ ਡਿੱਗ ਪਈ, ਜਿਸ ਦੇ ਚੱਲਦਿਆਂ ਕਮਰੇ ਵਿੱਚ ਪਿਆ ਬੈੱਡ, ਅਲਮਾਰੀ ਤੇ ਹੋਰ ਸਾਮਾਨ ਨੁਕਸਾਨਿਆ ਗਿਆ। ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਪਰਵਾਰ ਦੇ ਮੁਖੀ ਕ੍ਰਿਸ਼ਨ ਲਾਲ ਪੁੱਤਰ ਮੋਹਣ ਡਰਾਇਵਰ ਵਾਸੀ ਪਿੰਡ ਜੋਧਪੁਰ ਨੇ ਦੱਸਿਆ ਕਿ 24 ਤੇ 25 ਅਗਸਤ ਨੂੰ ਦੇਰ ਰਾਤ ਤੱਕ ਲਗਾਤਾਰ ਪੈ ਰਹੀ ਬਾਰਸ਼ ਕਾਰਨ ਅੱਜ ਸਵੇਰੇ ਉਨ੍ਹਾਂ ਦੇ ਕਮਰੇ ਦੀ ਛੱਤ ਅਚਾਨਕ ਡਿੱਗ ਪਈ, ਜਿਸ ਨਾਲ ਉਨ੍ਹਾਂ ਦੇ ਕਮਰੇ ਵਿੱਚ ਪਿਆ ਸਾਰਾ ਸਾਮਾਨ, ਜਿਸ ਵਿੱਚ ਬੈੱਡ, ਅਲਮਾਰੀ ਤੇ ਹੋਰ ਸਾਮਾਨ ਨੁਕਸਾਨਿਆ ਗਿਆ, ਪਰ ਗਨੀਮਤ ਇਹ ਰਹੀ ਕਿ ਜਦ ਇਹ ਛੱਤ ਡਿੱਗੀ ਤੇ ਸਾਰਾ ਪਰਿਵਾਰ ਕਮਰੇ ਤੋਂ ਬਾਹਰ ਸੀ, ਜਿਸ ਕਾਰਨ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਉਨ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਜਲਦ ਤੋਂ ਜਲਦ ਉਨ੍ਹਾ ਨੂੰ ਆਰਥਿਕ ਸਹਾਇਤਾ ਦਿੱਤੀ ਜਾਵੇ ਤਾਂ ਜੋ ਉਹ ਬਰਸਾਤ ਦੇ ਦਿਨਾਂ ਵਿੱਚ ਆਪਣਾ ਰੈਣ ਬਸੇਰਾ ਬਣਾ ਸਕਣ।

ਗਰੀਬ ਦੇ ਘਰ ਦੀ ਡਿੱਗੀ ਛੱਤ, ਜਾਨੀ ਨੁਕਸਾਨ ਤੋਂ ਬਚਾਅ

ਮਾਨਸਾ (ਆਤਮਾ ਸਿੰਘ ਪਮਾਰ)-ਪਿਛਲੇ ਕਈ ਦਿਨਾਂ ਤੋਂ ਹੋ ਰਹੀ ਭਾਰੀ ਬਾਰਸ਼ ਦੇ ਚਲਦਿਆਂ ਜਿੱਥੇ ਮਾਨਸਾ ਸ਼ਹਿਰ ਦੀਆਂ ਗਲੀਆਂ ਬਾਜ਼ਾਰ ਪਾਣੀ ਨਾਲ ਭਰੇ ਪਏ ਹਨ, ਉੱਥੇ ਬਹੁਤ ਸਾਰੇ ਲੋਕਾਂ ਦੇ ਘਰਾਂ ਦੀਆਂ ਛੱਤਾਂ ਡਿੱਗਣ ਦੀਆਂ ਖਬਰਾਂ ਪ੍ਰਾਪਤ ਹੋ ਰਹੀਆਂ ਹਨ।ਇਸੇ ਦੌਰਾਨ ਪਤਾ ਲੱਗਾ ਹੈ ਕਿ ਮਾਨਸਾ ਸ਼ਹਿਰ ਦੇ ਵਾਰਡ ਨੰਬਰ 12 ਦੇ ਵਾਸੀ ਜੱਗਾ ਸਿੰਘ ਪੁੱਤਰ ਚੰਦ ਸਿੰਘ ਦੇ ਘਰ ਦੀ ਭਾਰੀ ਬਾਰਸ਼ ਹੋਣ ਕਾਰਨ ਅਚਾਨਕ ਛੱਤ ਡਿੱਗ ਪਈ, ਜਿਸ ਕਾਰਨ ਘਰ ਵਿਚ ਪਏ ਘਰੇਲੂ ਸਾਮਾਨ ਦਾ ਕਾਫ਼ੀ ਨੁਕਸਾਨ ਹੋ ਗਿਆ, ਪ੍ਰੰਤੂ ਗ਼ਨੀਮਤ ਇਹ ਰਹੀ ਕਿ ਉਸ ਸਮੇਂ ਛੱਤ ਹੇਠ ਕੁਦਰਤੀ ਕੋਈ ਵਿਅਕਤੀ ਮੌਜੂਦ ਨਹੀਂ ਸੀ, ਜਿਸ ਕਾਰਨ ਜਾਨੀ ਨੁਕਸਾਨ ਹੋਣ ਤੋਂ ਤਾਂ ਬਚਾਅ ਰਿਹਾ, ਪ੍ਰੰਤੂ ਮਾਲੀ ਨੁਕਸਾਨ ਕਾਫੀ ਹੋ ਗਿਆ ਹੈ।ਜਾਣਕਾਰੀ ਅਨੁਸਾਰ ਜੱਗਾ ਸਿੰਘ ਅਨੁਸੂਚਿਤ ਜਾਤੀ ਰਵਿਦਾਸੀਆ ਭਾਈਚਾਰੇ ਨਾਲ ਸਬੰਧਤ ਹੈ ਤੇ ਮਿਹਨਤ ਮਜ਼ਦੂਰੀ ਕਰਕੇ ਆਪਣੇ ਪਰਵਾਰ ਦਾ ਪਾਲਣ ਪੋਸ਼ਣ ਕਰ ਰਿਹਾ ਹੈ।ਉਨ੍ਹਾਂ ਪੰਜਾਬ ਸਰਕਾਰ ਤੋਂ ਘਰ ਦੀ ਮੁੜ ਉਸਾਰੀ ਲਈ ਮੁਆਵਜ਼ੇ ਦੀ ਮੰਗ ਕੀਤੀ ਹੈ, ਤਾਂ ਕਿ ਉਹ ਆਪਣੇ ਬੱਚਿਆਂ ਨੂੰ ਆਪਣੇ ਘਰ 'ਚ ਲੈ ਕੇ ਬੈਠ ਸਕੇ।

ਬਾਬਾ ਖੇਤਰਪਾਲ ਦੇ ਮੰਦਰ ਵਿਖੇ ਲਗਾਇਆ ਹਫਤਾਵਾਰੀ ਲੰਗਰ

ਬਾਘਾ ਪੁਰਾਣਾ (ਮਨੀ ਸਿੰਗਲਾ)- ਸਥਾਨਕ ਸ਼ਹਿਰ ਦੇ ਚੰਨੂੰਵਾਲਾ ਬਾਈਪਾਸ 'ਤੇ ਸਥਿਤ ਮਹਿੰਦਰਾ ਪੈਲੇਸ ਦੀ ਬੈਕਸਾਈਡ ਬਣੇ ਬਾਬਾ ਖੇਤਰਪਾਲ ਜੀ ਦੇ ਵਿਸ਼ਾਲ ਮੰਦਰ ਵਿਖੇ ਬਾਬਾ ਖੇਤਰਪਾਲ ਜੀ ਦੀ ਪ੍ਰਬੰਧਕ ਕਮੇਟੀ ਦੀ ਅਗਵਾਈ ਹਰ ਹਫਤੇ ਭਾਵ ਐਤਵਾਰ ਨੂੰ ਲੰਗਰ ਲਗਾਇਆ ਜਾਂਦਾ ਹੈ, ਜਿਸ ਦੇ ਤਹਿਤ ਇਸੇ ਕੜੀ ਤਹਿਤ ਇਸ ਵਾਰ ਵੀ ਵਿਸਾਲ ਲੰਗਰ ਲਗਾਇਆ ਗਿਆ ਅਤੇ ਇਸ ਮੌਕੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਨਤਮਸਤਕ ਹੋਏ।ਇਸ ਮੌਕੇ ਪ੍ਰਬੰਧਕਾਂ ਤੇ ਸ਼ਰਧਾਲੂਆਂ ਵੱਲੋਂ ਬਾਬਾ ਖੇਤਰਪਾਲ ਜੀ ਦੇ ਮੰਦਿਰ ਵਿਖੇ ਪੂਜਾ ਅਰਚਨਾ ਕਰ ਕੇ ਸਰਬਤ ਦੇ ਭਲੇ ਲਈ ਅਰਦਾਸ ਕੀਤੀ ਗਈ।ਬਾਬਾ ਖੇਤਰਪਾਲ ਜੀ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਵਿਜੇ ਬਾਂਸਲ, ਪ੍ਰਧਾਨ ਸੰਜੀਵ ਗਰਗ, ਕੈਸ਼ੀਅਰ ਰਕੇਸ਼ ਜਿੰਦਲ ਤੋਤਾ ਨੇ ਆਖਿਆ ਕਿ ਸ਼ਰਧਾਲੂਆਂ ਲਈ ਇਹ ਧਾਰਮਿਕ ਅਸਥਾਨ ਆਸਥਾ ਦੇ ਕੇਂਦਰ ਹੈ, ਜਿੱਥੇ ਵੱਡੀ ਗਿਣਤੀ ਵਿੱਚ ਦੂਰੋਂ ਦੂਰੋਂ ਸੰਗਤ ਪੁੱਜ ਕੇ ਆਪਣੀਆਂ ਮਨੋਕਾਮਨਾਵਾਂ ਪੂਰਨ ਕਰਦੀਆਂ ਹਨ।ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਮੰਦਰ ਵਿਖੇ ਚੱਲ ਰਹੀ ਕਾਰ ਸੇਵਾ ਵਿੱਚ ਜ਼ਰੂਰ ਸਹਿਯੋਗ ਕਰਨ ਤਾਂ ਜੋ ਬਾਬਾ ਖੇਤਰਪਾਲ ਜੀ ਦੇ ਮੰਦਰ ਦਾ ਕੰਮ ਸੰਪੂਰਨ ਹੋ ਸਕੇ।ਇਸ ਮੌਕੇ ਵੱਡੀ ਗਿਣਤੀ ਵਿੱਚ ਹਾਜ਼ਰ ਸ਼ਰਧਾਲੂਆਂ ਨੂੰ ਭੰਡਾਰੇ ਦਾ ਲੰਗਰ ਛਕਾਇਆ ਗਿਆ

ਕਾਤਰਾਂ

100 ਲੀਟਰ ਲਾਹਣ ਸਮੇਤ ਗ੍ਰਿਫ਼ਤਾਰ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਵੈਰੋਕੇ ਦੀ ਪੁਲਸ ਵੱਲੋਂ ਪਿੰਡ ਲੱਧੂਵਾਲਾ ਉਤਾੜ ਬੱਸ ਅੱਡਾ ਦੇ ਕੋਲ ਛਾਪੇਮਾਰੀ ਕਰਕੇ 100 ਲੀਟਰ ਲਾਹਣ ਬਰਾਮਦ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਲਖਵਿੰਦਰ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਲੱਧੂ ਵਾਲਾ ਉਤਾੜ ਪੁੱਜੇ ਤਾਂ ਪੁਲਸ ਪਾਰਟੀ ਨੂੰ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਸਾਹਿਬ ਸਿੰਘ ਸ਼ਰਾਬ ਕੱਢਣ ਤੇ ਅੱਗੇ ਵੇਚਣ ਦਾ ਆਦੀ ਹੈ, ਜਿਸ 'ਤੇ ਪੁਲਸ ਪਾਰਟੀ ਵੱਲੋਂ ਛਾਪੇਮਾਰੀ ਕਰਕੇ 100 ਲੀਟਰ ਲਾਹਣ ਬਰਾਮਦ ਕੀਤੀ ਗਈ ਹੈ, ਜਦੋਂਕਿ ਸਾਹਿਬ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਲੱਧੂਵਾਲਾ ਉਤਾੜ ਮੌਕੇ ਤੋਂ ਫਰਾਰ ਹੋ ਗਿਆ, ਜਿਸ 'ਤੇ ਥਾਣਾ ਵੈਰੋਕੇ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।

ਖਿਆਲੀ 'ਚ ਸਾਲਾਨਾ ਜੋੜ ਮੇਲਾ ਅੱਜ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਪਿੰਡ ਖਿਆਲੀ (ਬਰਨਾਲਾ) ਵਿਖੇ ਬਾਬਾ ਰਾਮ ਜੋਗੀ ਪੀਰ ਚਹਿਲ ਦੀ ਯਾਦ 'ਚ ਭਾਦੋਂ ਦੀ ਚੌਥ ਨੂੰ ਸਮਰਪਤ ਸਾਲਾਨਾ ਧਾਰਮਿਕ ਜੋੜ ਮੇਲਾ 23 ਤੋਂ 27 ਅਗਸਤ ਤੱਕ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਸ਼ਰਧਾਭਾਵਨਾ ਨਾਲ ਮਨਾਇਆ ਜਾ ਰਿਹਾ ਹੈ।ਬਾਬਾ ਰਾਮ ਜੋਗੀ ਪੀਰ ਕਮੇਟੀ ਦੇ ਆਗੂਆਂ ਅਨੁਸਾਰ ਇਸ ਸਬੰਧੀ ਪ੍ਰਕਾਸ਼ ਦੂਜੀ ਲੜੀ ਦੇ 25 ਸ੍ਰੀ ਆਖੰਡ ਪਾਠ ਦੇ ਭੋਗ 27 ਅਗਸਤ ਨੂੰ ਸਵੇਰੇ 9 ਵਜੇ ਪਾਏ ਜਾਣਗੇ।ਇਸ ਉਪਰੰਤ ਉੱਘੇ ਰਾਗੀ, ਢਾਡੀ ਕਵੀਸ਼ਰ ਜਥੇ ਗੁਰਇਤਿਹਾਸ ਪੇਸ਼ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ।ਪ੍ਰਬੰਧਕਾਂ ਨੇ ਸਮੂਹ ਸੰਗਤਾਂ ਨੂੰ ਇਸ ਮੌਕੇ ਪਰਵਾਰਾਂ ਸਮੇਤ ਪਹੁੰਚਣ ਦੀ ਅਪੀਲ ਕੀਤੀ ਹੈ।

ਸਕੂਟਰ ਚੋਰੀ ਦੇ ਦੋਸ਼ 'ਚ ਪਰਚਾ ਦਰਜ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਭਗਵਾਨਪੁਰਾ ਬਸਤੀ ਜਲਾਲਾਬਾਦ ਵਿਖੇ ਸਕੂਟਰ ਚੋਰੀ ਹੋਣ ਸਬੰਧੀ ਅਣਪਛਾਤੇ ਵਿਅਕਤੀ ਵਿਰੁੱਧ ਪਰਚਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਜਸਬੀਰ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਸਰਵਸ੍ਰੇਸ਼ਠ ਪੁੱਤਰ ਮਦਨ ਲਾਲ ਵਾਸੀ ਭਗਵਾਨਪੁਰਾ ਬਸਤੀ ਜਲਾਲਾਬਾਦ ਦੁਆਰਾ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ ਉਸ ਦੇ ਘਰ ਦੇ ਬਾਹਰ ਖੜਾ ਸਕੂਟਰ ਚੋਰੀ ਹੋ ਗਿਆ ਹੈ, ਜਿਸ 'ਤੇ ਥਾਣਾ ਸਿਟੀ ਜਲਾਲਾਬਾਦ ਵਿਖੇ ਅਣਪਛਾਤੇ ਵਿਅਕਤੀ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ।

ਕੁੱਟਮਾਰ ਦੇ ਦੋਸ਼ 'ਚ 7 ਨਾਮਜ਼ਦ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਜਲਾਲਾਬਾਦ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆ) ਨਜ਼ਦੀਕ ਸੋਮਾ ਟਾਲ੍ਹ ਵਾਲਾ ਕੋਲ ਹੋਈ ਲੜਾਈ ਦੇ ਸਬੰਧ ਵਿੱਚ 7 ਲੋਕਾਂ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਐੱਚ.ਸੀ. ਅਮਨਦੀਪ ਨੇ ਦੱਸਿਆ ਕਿ ਸ਼ਿਕਾਇਤਕਰਤਾ ਬਿੰਦਰ ਸਿੰਘ ਪੁੱਤਰ ਮੰਗਤ ਸਿੰਘ ਵਾਸੀ ਅਗਰਵਾਲ ਕਲੋਨੀ, ਨੇੜੇ ਥਾਣਾ ਸਿਟੀ ਜਲਾਲਾਬਾਦ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ ਅਰਵਿੰਦ ਸੋਢੀ ਉਰਫ ਬੋਦੀ ਵਾਸੀ ਟਿੱਲੂ ਅਰਾਈ (ਥਾਣਾ ਅਮੀਰ ਖਾਸ) ਤੇ 6 ਹੋਰ ਅਣਪਛਾਤੇ ਵਿਅਕਤੀਆਂ ਨੇ ਉਸ ਦੀ ਕੁੱਟਮਾਰ ਕਰਕੇ ਸੱਟਾਂ ਮਾਰੀਆਂ ਹਨ, ਜਿਸ 'ਤੇ ਥਾਣਾ ਸਿਟੀ ਜਲਾਲਾਬਾਦ ਵਿਖੇ ਮੁਦੱਈ ਬਿੰਦਰ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਅਰਵਿੰਦ ਸੋਢੀ ਉਰਫ ਬੋਦੀ ਤੇ 6 ਅਣਪਛਾਤੇ ਵਿਅਕਤੀਆਂ ਦੇ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ।

ਸੁਖਾਨੰਦ ਦੇ ਵਿਧਾਇਕ ਬਣਨ ਬਾਅਦ ਹਲਕੇ 'ਚ ਵਿਕਾਸ ਦੀ ਝੁੱਲੀ ਹਨੇਰੀ : ਰਾਜਾ ਮੱਲਕੇ

ਬਾਘਾ ਪੁਰਾਣਾ (ਮਨੀ ਸਿੰਗਲਾ)-ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੇ ਵਿਸ਼ਵਾਸਪਾਤਰ ਪਿੰਡ ਮੱਲਕੇ ਦੇ ਸਰਪੰਚ ਰਾਜਾ ਮੱਲਕੇ ਨੇ ਪੱਤਰਕਾਰਾਂ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਆਖਿਆ ਕਿ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ, ਜਦੋਂ ਤੋਂ ਹਲਕਾ ਬਾਘਾ ਪੁਰਾਣਾ ਦੇ ਵਿਧਾਇਕ ਬਣੇ ਹਨ, ਉਸ ਸਮੇਂ ਤੋਂ ਬਾਘਾ ਪੁਰਾਣਾ ਅੰਦਰ ਵਿਕਾਸ ਕਾਰਜਾਂ ਦੀ ਹਨੇਰੀ ਝੁਲੀ ਹੈ ਤੇ ਹਲਕਾ ਵਾਸੀ ਵਿਧਾਇਕ ਸੁਖਾਨੰਦ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਹਨ।ਉਨ੍ਹਾਂ ਆਖਿਆ ਕਿ ਆਮ ਆਦਮੀ ਪਾਰਟੀ ਦੀ ਪਹਿਲੀ ਸਰਕਾਰ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਹਲਕੇ ਦੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਵੱਲੋਂ ਨੀਂਹ ਪੱਥਰ ਰੱਖਣ ਉਪਰੰਤ ਹੀ ਕੰਮ ਚਾਲੂ ਕੀਤੇ ਜਾ ਰਹੇ ਹਨ, ਨਹੀਂ ਤਾਂ ਪਹਿਲੀਆਂ ਸਰਕਾਰਾਂ ਵਿੱਚ ਨੀਂਹ ਪੱਥਰ ਹੀ ਰੱਖੇ ਜਾਂਦੇ ਸਨ ਤੇ ਕੰਮ ਚੱਲਦੇ ਹੀ ਨਹੀਂ ਸਨ।ਉਨ੍ਹਾਂ ਕਿਹ

27-AUG-PAGE-6.qxd 8/26/2025 10:50 PM Page 1

ਅਗਮ ਗਰੇਵਾਲ ਨੇ ਏਸ਼ੀਅਨ ਖੇਡਾਂ 'ਚ ਸੋਨ ਤਮਗਾ ਜਿੱਤਿਆ

ਸਨੌਰ (ਰਜਿੰਦਰ ਸਿੰਘ ਥਿੰਦ)-ਹਲਕਾ ਸਨੌਰ (ਜ਼ਿਲ੍ਹਾ ਪਟਿਆਲਾ) ਦੇ ਨਾਮੀ ਤੇ ਖਾਨਦਾਨੀ ਨੈਣਾ ਪਰਵਾਰ ਦੀ ਹੋਣਹਾਰ ਧੀ ਅਗਮ ਗਰੇਵਾਲ ਸਪੁੱਤਰੀ ਸਵ: ਸ੍ਰ. ਅਮਨ ਗਰੇਵਾਲ ਨੇ ਏਸ਼ੀਆਈ ਖੇਡਾਂ ਵਿੱਚ ਨਿਸ਼ਾਨੇਬਾਜ਼ੀ ਵਿੱਚੋਂ ਇਕ ਸੋਨੇ ਤੇ ਇੱਕ ਚਾਂਦੀ ਦਾ ਮੈਡਲ ਜਿੱਤ ਕੇ ਦੇਸ਼ ਤੇ ਪੰਜਾਬ ਦਾ ਨਾਮ ਦੁਨੀਆ ਵਿੱਚ ਰੌਸ਼ਨ ਕੀਤਾ। ਕਾਂਗਰਸ ਦੇ ਹਲ਼ਕਾ ਇੰਚਾਰਜ ਹਰਿੰਦਰ ਪਾਲ ਸਿੰਘ ਹੈਰੀਮਾਨ ਤੇ ਹੋਰ ਆਗੂਆਂ ਵੱਲੋਂ ਪਰਵਾਰ ਨੂੰ ਮੁਬਾਰਕ ਦਿੱਤੀ ਤੇ ਸਾਰੇ ਨੈਣਾ ਪਰਵਾਰ ਨਾਲ ਖੁਸ਼ੀ ਸਾਂਝੀ ਕਰਦੇ ਹੋਏ ਪੂਰੇ ਪਰਵਾਰ ਨੂੰ ਵਧਾਈ ਦਿੱਤੀ ਅਤੇ ਬੇਟੀ ਨੂੰ ਉਹਦੇ ਆਉਣ ਵਾਲੇ ਸੁਨਹਿਰੀ ਭਵਿੱਖ ਲਈ ਬਹੁਤ ਬਹੁਤ ਸ਼ੁੱਭ-ਕਾਮਨਾਵਾਂ ਦਿੱਤੀਆਂ।

ਭਾਜਪਾ ਸਰਕਾਰ ਹਮੇਸ਼ਾ ਸਿੱਖਾਂ ਦੀ ਹਿਤੈਸ਼ੀ ਰਹੀ : ਗੁਰਪ੍ਰੀਤ ਮਾਜਰੀ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਕੇਂਦਰ ਦੀ ਭਾਜਪਾ ਸਰਕਾਰ ਹਮੇਸ਼ਾ ਸਿੱਖਾਂ ਦੀ ਹਤਾਇਸ਼ੀ ਰਹੀ ਹੈ ਅਤੇ ਭਾਜਪਾ ਸਰਕਾਰ ਨੇ ਸਿੱਖਾਂ ਨੂੰ ਹਮੇਸ਼ਾ ਉੱਚਾ ਚੁੱਕਣ ਤੇ ਉਨ੍ਹਾਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਪਹਿਲਕਦਮੀ ਕੀਤੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਰਕਲ ਪ੍ਰਧਾਨ ਗੁਰਪ੍ਰੀਤ ਸਿੰਘ ਮਾਜਰੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾ ਕਿਹਾ ਕਿ 1984 ਦੇ ਦੰਗਿਆਂ ਦੇ ਦੋਸ਼ੀਆਂ ਨੂੰ ਕੇਂਦਰ ਦੀ ਭਾਜਪਾ ਸਰਕਾਰ ਨੇ ਸਜ਼ਾਵਾਂ ਦਿੱਤੀਆਂ ਹਨ ਤੇ ਪੀੜਤ ਪਰਵਾਰਾਂ ਨੂੰ ਨੌਕਰੀਆਂ ਦਿੱਤੀਆਂ ਹਨ।ਹੁਣ ਹਰਿਆਣਾ ਵਿੱਚ ਉਥੋਂ ਦੀ ਭਾਜਪਾ ਸਰਕਾਰ ਦੇ ਮੁੱਖ ਮੰਤਰੀ ਨੈਬ ਸਿੰਘ ਸੈਣੀ ਨੇ 1984 ਦੇ ਪੀੜਤ ਪਰਵਾਰਾਂ ਨੂੰ ਸਰਕਾਰੀ ਨੌਕਰੀਆਂ ਦੇ ਕੇ ਸਿੱਖਾਂ ਦੇ ਜ਼ਖਮਾਂ 'ਤੇ ਮੱਲ੍ਹਮ ਲਾਈ ਹੈ। ਭਾਜਪਾ ਸਰਕਾਰਾਂ ਨੇ ਸਿੱਖਾਂ ਦੀ ਹਮੇਸ਼ਾ ਬਾਂਹ ਫੜੀ ਹੈ ਤੇ ਸਿੱਖ ਮਸਲਿਆਂ ਨੂੰ ਹੱਲ ਕਰਨ ਦੇ ਉਪਰਾਲੇ ਕੀਤੇ ਹਨ।ਮੁੱਖ ਮੰਤਰੀ ਹਰਿਆਣਾ ਨੈਬ ਸਿੰਘ ਸੈਣੀ ਵੱਲੋਂ 1984 ਦੇ ਪੀੜਤ ਪਰਵਾਰਾਂ ਨੂੰ ਸਰਕਾਰੀ ਨੌਕਰੀਆਂ ਦੇਣ 'ਤੇ ਅਸੀਂ ਭਾਜਪਾ ਹਲਕਾ ਸਮਾਣਾ ਸਰਕਲ ਮਾਜਰੀ ਵੱਲੋਂ ਉਨ੍ਹਾਂ ਦਾ ਧੰਨਵਾਦ ਕਰਦੇ ਹਾਂ।

'ਬ੍ਰਹਿਮੰਡ ਦੇ ਰਹੱਸਾਂ ਦੀ ਯਾਤਰਾ' ਪੁਸਤਕ ਲਾਇਬ੍ਰੇਰੀ ਨੂੰ ਭੇਟ

ਧੂਰੀ (ਸੁਖਦੇਵ ਧੂਰੀ, ਮਨੋਹਰ ਸਿੰਘ ਸੱਗੂ) : ਲੋਕ-ਸ਼ੈਲੀ ਦੇ ਮੰਨੇ ਪ੍ਰਮੰਨੇ ਵਿਗਿਆਨੀ ਡਾਕਟਰ ਅਵਤਾਰ ਸਿੰਘ ਢੀਂਡਸਾ ਵੱਲੋਂ ਰਚਿਤ ਪੁਸਤਕ 'ਬ੍ਰਹਿਮੰਡ ਦੇ ਰਹੱਸਾਂ ਦੀ ਯਾਤਰਾ' ਵਿੱਦਿਅਕ ਹਲਕਿਆਂ ਅੰਦਰ ਚਰਚਾ ਵਿੱਚ ਹੈ। ਵਿਦਿਆਰਥੀਆਂ ਤੇ ਆਮ ਪਾਠਕਾਂ ਲਈ ਸੌਖੀ ਭਾਸ਼ਾ ਵਿੱਚ ਲਿਖੀ ਹੋਈ ਇਸ ਪੁਸਤਕ ਨੂੰ ਤਰਕਸ਼ੀਲ ਸੁਸਾਇਟੀ ਧੂਰੀ ਵੱਲੋਂ ਇਕਾਈ ਦੇ ਜਥੇਬੰਦਕ ਮੁਖੀ ਰਾਜਿੰਦਰ ਰਾਜੂ ਦੀ ਅਗਵਾਈ ਵਿੱਚ ਸਕੂਲ ਲਾਇਬ੍ਰੇਰੀਆਂ ਵਿੱਚ ਭੇਜਣ ਦੀ ਲੜੀ ਵਜੋਂ ਇਸ ਪੁਸਤਕ ਦੀਆਂ ਕਾਪੀਆਂ ਸਥਾਨਕ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਅਵਤਾਰ ਸਿੰਘ ਢਢੋਗਲ ਨੂੰ ਭੇਟ ਕੀਤੀਆਂ ਗਈਆਂ। ਪ੍ਰਿੰਸੀਪਲ ਅਵਤਾਰ ਸਿੰਘ ਨੇ ਸੁਸਾਇਟੀ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਡਾਕਟਰ ਅਵਤਾਰ ਸਿੰਘ ਢੀਂਡਸਾ ਦੁਆਰਾ ਲਿਖੀ ਇਹ ਪੁਸਤਕ ਵਿਦਿਆਰਥੀਆਂ ਲਈ ਬੇਹੱਦ ਲਾਭਦਾਇਕ ਹੋਵੇਗੀ।ਇਸ ਮੌਕੇ ਸੀਨੀਅਰ ਤਰਕਸ਼ੀਲ ਆਗੂ ਸੁਖਦੇਵ ਧੂਰੀ ਤੇ ਸਮਾਜ ਸੇਵੀ ਚਰਨਜੀਤ ਸਿੰਘ ਕੈਂਥ ਵੀ ਹਾਜ਼ਰ ਸਨ।

ਮਾਲਵਾ ਪੰਜਾਬੀ ਸਾਹਿਤ ਸਭਾ ਵੱਲੋਂ ਬਲਦੇਵ ਸਿੰਘ ਦੀ ਮੌਤ 'ਤੇ ਸ਼ੋਕ ਪ੍ਰਗਟ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਮਾਲਵਾ ਪੰਜਾਬੀ ਸਾਹਿਤ ਸਭਾ (ਰਜਿ:) ਰਾਮਪੁਰਾ ਫੂਲ ਦੀ ਸ਼ੋਕ ਇਕੱਤਰਤਾ ਸਸਸ ਸਕੂਲ ਪਿੰਡ ਰਾਮਪੁਰਾ ਦੇ ਗਰਾਊਂਡ ਵਿਖੇ ਦਰਸ਼ਨ ਸਿੰਘ ਪ੍ਰੀਤੀਮਾਨ ਦੀ ਪ੍ਰਧਾਨਗੀ ਹੇਠ ਹੋਈ।ਸਾਰੇ ਸਭਾ ਦੇ ਮੁੱਢਲੇ ਮੈਂਬਰ ਨੇ ਸ੍ਰ. ਬਲਦੇਵ ਸਿੰਘ ਸੰਧੂ ਦੀ ਬੇ-ਵਕਤੀ ਮੌਤ 'ਤੇ ਸ਼ੋਕ ਪ੍ਰਗਟਾਵਾ ਕਰਦਿਆਂ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਅਰਪਿਤ ਕੀਤੀ ਗਈ।ਬਲਦੇਵ ਸਿੰਘ ਸੰਧੂ ਆਪਣੇ ਪਿੱਛੇ ਆਪਣੇ ਬੁਜ਼ਰਗ ਪਿਤਾ ਸ੍ਰ. ਤਾਰ ਸਿੰਘ ਸੰਧੂ, ਆਪਣੀ ਧਰਮ ਪਤਨੀ ਗੁਰਮੀਤ ਕੌਰ, ਬੇਟੀ ਗੁਰਵਿੰਦਰ ਕੌਰ (ਕੈਨੇਡਾ) ਤੇ ਬੇਟਾ ਉਂਕਾਰ ਸਿੰਘ ਸੰਧੂ (ਕੈਨੇਡਾ) ਨੂੰ ਛੱਡ ਗਏ ਹਨ।ਸ੍ਰ. ਬਲਦੇਵ ਸਿੰਘ ਸੰਧੂ ਨਮਿੱਤ ਸ਼ਰਧਾਂਜਲੀ ਸਮਾਗਮ ਤੇ ਅੰਤਿਮ ਅਰਦਾਸ 29 ਅਗਸਤ ਨੂੰ ਵੱਡੇ ਗੁਰਦੁਆਰਾ ਸਾਹਿਬ, ਪਿੰਡ ਰਾਮਪੁਰਾ (ਬਠਿੰਡਾ) ਵਿਖੇ 12.30 ਵਜੇ ਹੋਵੇਗੀ।ਇਸ ਸ਼ੋਕ ਸਭਾ ਵਿੱਚ ਇਕੱਤਰ ਹੋਏ ਸਭਾ ਦੇ ਮੈਂਬਰ ਸਾਹਿਬਾਨ ਲੈਕ. ਦਹੂਦ ਸਿੰਘ, ਦਰਸ਼ਨ ਸਿੰਘ ਭੁੱਲਰ, ਹੈੱਡ. ਮਾ. ਹਰਿੰਦਰ ਸਿੰਘ ਭੁੱਲਰ, ਲੈਕ. ਗੁਰਦੀਪ ਸਿੰਘ ਚਹਿਲ, ਪ੍ਰ: ਜਸਵਿੰਦਰ ਸ਼ਰਮਾ, ਹਰਜੀਤ ਕੌਰ ਅਕਾਲੀ ਸਿੱਧੂ, ਹੈੱਡ. ਮਾ. ਸੁਖਵਿੰਦਰ ਸਿੰਘ ਬਾਠ, ਹਰਬੰਸ ਸਿੰਘ ਖੁਰਮੀ, ਸੁਰਿੰਦਰ ਧੀਰ, ਪ੍ਰੀਤਮ ਸਿੰਘ ਆਰਟਿਸਟ, ਡਾ. ਨਰੰਜਨ ਸਿੰਘ ਚੌਹਾਨ, ਮਾ. ਜਗਦੀਸ ਸਿੰਘ ਗਾਟਵਾਲੀ, ਗਮਦੂਰ ਸਿੰਘ ਜੱਸੀ, ਹਰਜੀਤ ਸਿੰਘ ਸਿੱਧੂ ਫੂਲਕਾ ਤੇ ਜਗਸੀਰ ਸਿੰਘ ਸੀਰਾ ਆਦਿ ਨੇ ਵੀ ਦੁੱਖ ਪ੍ਰਗਟ ਕੀਤਾ।

ਮੀਂਹ ਕਾਰਨ ਹੋਏ ਨੁਕਸਾਨ ਦਾ ਚੇਅਰਮੈਨ ਢਿੱਲੋਂ ਵੱਲੋਂ ਜਾਇਜ਼ਾ

ਧੂਰੀ (ਮੋਹਿਤ ਗਰਗ, ਬਿੰਨੀ ਗਰਗ)-ਪੰਜਾਬ ਵਿੱਚ ਹੜ੍ਹਾਂ ਤੇ ਭਾਰੀ ਮੀਂਹ ਨਾਲ ਹੋਏ ਨੁਕਸਾਨ ਨੂੰ ਦੇਖਦਿਆਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਪ੍ਰਭਾਵਿਤ ਪਰਵਾਰਾਂ ਨੂੰ ਪੂਰਾ ਇਨਸਾਫ ਦੇਣ ਲਈ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਲਘੂ ਉਦਯੋਗ ਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਪਿੰਡ ਫਰਵਾਹੀ, ਰੂੜਗੜ ਤੇ ਹੋਰ ਪਿੰਡਾਂ ਦਾ ਦੌਰਾ ਕਰਨ ਦੌਰਾਨ ਕੀਤਾ।ਇਨ੍ਹਾਂ ਪਿੰਡਾਂ ਵਿੱਚ ਕੁਝ ਘਰਾਂ ਨੂੰ ਨੁਕਸਾਨ ਹੋਣ ਦੇ ਨਾਲ ਨਾਲ ਪਸ਼ੂਆਂ ਦਾ ਜਾਨੀ ਨੁਕਸਾਨ ਵੀ ਹੋਇਆ ਹੈ।ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਨੂੰ ਮਿਲ ਕੇ ਹਰ ਸੰਭਵ ਮਦਦ ਦਾ ਭਰੋਸਾ ਦੇਣ ਉਪਰੰਤ ਚੇਅਰਮੈਨ ਢਿੱਲੋਂ ਨੇ ਕਿਹਾ ਕਿ ਸਰਕਾਰ ਵੱਲੋਂ ਹੜ੍ਹਾਂ ਤੇ ਭਾਰੀ ਮੀਂਹ ਨਾਲ ਪ੍ਰਭਾਵਿਤ ਹੋਏ ਇਲਾਕਿਆਂ ਲਈ ਵਿਸ਼ੇਸ਼ ਟੀਮਾਂ ਬਣਾਈਆਂ ਜਾ ਰਹੀਆਂ ਹਨ, ਜੋ ਪੀੜਤ ਲੋਕਾਂ ਦੇ ਘਰ-ਘਰ ਜਾ ਕੇ ਨੁਕਸਾਨ ਦੀ ਜਾਂਚ ਕਰਨਗੀਆਂ।ਉਨ੍ਹਾਂ ਕਿਹਾ ਕਿ ਇਸ ਕਰਕੇ ਮੁੱਖ ਮੰਤਰੀ ਵੱਲੋਂ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਜਾਰੀ ਕੀਤੇ ਗਏ ਹਨ ਕਿ ਹਰ ਇਕ ਕਿਸਾਨ, ਮਜ਼ਦੂਰ ਤੇ ਪਰਵਾਰ ਦੀ ਹਾਲਤ ਦਾ ਜ਼ਮੀਨੀ ਪੱਧਰ 'ਤੇ ਮੁਆਇਨਾ ਕਰਕੇ ਬਣਦਾ ਮੁਆਵਜ਼ਾ ਦਿੱਤਾ ਜਾਵੇ।ਅਖੀਰ ਵਿੱਚ ਉਨ੍ਹਾਂ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਹਮੇਸ਼ਾ ਲੋਕ-ਹਿਤੈਸ਼ੀ ਨੀਤੀਆਂ 'ਤੇ ਕੰਮ ਕਰਦੀ ਹੈ ਤੇ ਹੜ੍ਹ-ਪ੍ਰਭਾਵਿਤ ਲੋਕਾਂ ਦੇ ਨਾਲ ਹਰ ਪੱਖੋਂ ਮਜ਼ਬੂਤੀ ਨਾਲ ਖੜੀ ਹੈ।ਸਰਕਾਰ ਦਾ ਉਦੇਸ਼ ਸਿਰਫ਼ ਆਰਥਿਕ ਸਹਾਇਤਾ ਦੇਣਾ ਹੀ ਨਹੀਂ, ਸਗੋਂ ਪੀੜਤ ਪਰਵਾਰਾਂ ਨੂੰ ਮੁੜ ਆਪਣੇ ਪੈਰਾਂ 'ਤੇ ਖੜ੍ਹਾ ਕਰਨਾ ਹੈ ਤਾਂ ਜੋ ਉਹ ਆਪਣੀ ਜ਼ਿੰਦਗੀ ਨਵੇਂ ਹੌਸਲੇ ਨਾਲ ਸ਼ੁਰੂ ਕਰ ਸਕਣ।ਇਸ ਮੌਕੇ ਉਨ੍ਹਾਂ ਨਾਲ ਨਾਇਬ ਤਹਿਸੀਲਦਾਰ ਵਿਜੇ ਕੁਮਾਰ ਅਹੀਰ, ਸੇਵਾਮੁਕਤ ਪਟਵਾਰੀ ਭਲਿੰਦਰ ਸਿੰਘ ਤੇ ਹੋਰ ਕਰਮਚਾਰੀ ਹਾਜ਼ਰ ਸਨ।

ਬਰਸਾਤ ਦੇ ਮੱਦੇਨਜ਼ਰ ਬੰਨ ਨੂੰ ਪੂਰਨ ਲਈ ਲੋਕਾਂ ਨੇ ਖੁਦ ਹੰਭਲਾ ਮਾਰਿਆ

ਲੌਂਗੋਵਾਲ (ਪ੍ਰਦੀਪ ਸੱਪਲ)-ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਦੇ ਇਕਾਈ ਪ੍ਰਧਾਨ ਬਲਜਿੰਦਰ ਸਿੰਘ ਲੌਂਗੋਵਾਲ ਨੇ ਆਖਿਆ ਕਿ ਪਿਛਲੇ ਤਿੰਨ ਦਿਨਾਂ ਤੋਂ ਲਗਾਤਾਰ ਹੋ ਰਹੀ ਬਰਸਾਤ ਕਾਰਨ ਪੰਜਾਬ ਵਿੱਚ ਹੜ੍ਹਾਂ ਵਾਲੀ ਸਥਿਤੀ ਬਣੀ ਹੋਈ ਹੈ ਅਤੇ ਕਸਬਾ ਲੌਂਗੋਵਾਲ ਵਿੱਚੋਂ ਲੰਘਦੇ ਡਰੇਨ ਟੁੱਟਣ ਤੋਂ ਪਿੰਡ ਵਾਲੇ ਪਾਸਿਓਂ ਖੁਦ ਬਚਾਇਆ, ਜਦਕਿ ਨਾਲ ਲਗਦੇ ਖੇਤਾਂ ਵਿੱਚ ਡਰੇਨ ਦਾ ਪਾਣੀ ਟੁੱਟ ਚੁੱਕਿਆ ਹੈ।ਉਨ੍ਹਾਂ ਦੱਸਿਆ ਕਿ ਸਵੇਰ ਤੋਂ ਹੀ ਲੋਕਾਂ ਨੇ ਆਪਣੇ ਪੱਧਰ 'ਤੇ ਘਰਾਂ 'ਚੋਂ ਮਿੱਟੀ ਦੀਆਂ ਬੋਰੀਆਂ ਲਿਜਾ ਕੇ ਟੁੱਟਣ ਤੋਂ ਬਚਾਇਆ, ਪ੍ਰੰਤੂ ਖਤਰਾ ਅਜੇ ਵੀ ਬਰਕਰਾਰ ਹੈ।ਉਨ੍ਹਾਂ ਕਿਹਾ ਕਿ ਨਾਲ ਲੱਗਦੇ ਵਾਟਰ ਟਰੀਟਮੈਂਟ ਪਲਾਂਟ ਵਾਲਿਆਂ ਕਈ ਮਹੀਨੇ ਪਹਿਲਾਂ ਇੱਥੋਂ ਪਾਈਪਾਂ ਪਾਈਆਂ ਸਨ ਤੇ ਬੰਨ ਦੀ ਮਿੱਟੀ ਦੀ ਹਿਲਜੁਲ ਕੀਤੀ ਸੀ ਅਤੇ ਦੁਬਾਰਾ ਮਿੱਟੀ ਪਾਉਣ ਦੀ ਥਾਂ ਓਸੇ ਤਰ੍ਹਾਂ ਹੀ ਛੱਡ ਦਿੱਤਾ ਗਿਆ।ਇਸ ਬੰਨ੍ਹ ਦੇ ਟੁੱਟਣ ਤੋਂ ਸਮਾਂ ਰਹਿੰਦਿਆਂ ਗੁਰਦੁਆਰਾ ਸਾਹਿਬ ਤੋਂ ਅਨਾਊਂਸਮੈਂਟ ਕੀਤੀ ਗਈ ਅਤੇ ਲੋਕਾਂ ਨੇ ਖੁਦ ਮੋਰਚਾ ਸੰਭਾਲਿਆ, ਤਦ ਜਾ ਕੇ ਲੋਕਾਂ ਦੇ ਘਰਾਂ ਵਿੱਚ ਪਾਣੀ ਵੜਨ ਤੋਂ ਰੋਕਿਆ, ਚਾਹੇ ਇਸ ਮੌਕੇ ਨਗਰ ਕੌਂਸਲ ਵੱਲੋਂ ਸਹਿਯੋਗ ਦਿੱਤਾ ਗਿਆ, ਪਰ ਸਰਕਾਰੀ ਲਾਪ੍ਰਵਾਹੀ ਵੱਡੀ ਪੱਧਰ 'ਤੇ ਦਿਖਾਈ ਦਿੱਤੀ ਹੈ।

31 ਤੱਕ ਟੈਕਸ ਜਮ੍ਹਾਂ ਨਾ ਕਰਵਾਇਆ ਤਾਂ ਪ੍ਰਾਪਰਟੀ ਹੋਵੇਗੀ ਸੀਲ : ਈ ਓ

ਬਾਘਾ ਪੁਰਾਣਾ (ਮਨੀ ਸਿੰਗਲਾ)-ਨਗਰ ਕੌਂਸਲ ਦੇ ਕਾਰਜ ਸਾਧਕ ਅਫ਼ਸਰ ਅਮਰਿੰਦਰ ਸਿੰਘ ਨੇ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਬਣਦਾ ਪ੍ਰਾਪਰਟੀ ਟੈਕਸ 31 ਅਗਸਤ 2025 ਤੱਕ ਦਫ਼ਤਰ ਨਗਰ ਕੌਂਸਲ ਵਿਖੇ ਜਮ੍ਹਾਂ ਕਰਵਾ ਸਕਦੇ ਹਨ, ਕਿਉਂਕਿ ਪੰਜਾਬ ਸਰਕਾਰ ਵੱਲੋਂ ਵਨ ਟਾਈਮ ਸੈਟਲਮੈਂਟ ਪਾਲਿਸੀ ਅਧੀਨ ਵਿਸ਼ੇਸ਼ ਛੋਟ ਦਿੱਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਸ਼ਨੀਵਾਰ ਤੇ ਐਤਵਾਰ ਨੂੰ ਵੀ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਵਾਲਿਆਂ ਲਈ ਦਫ਼ਤਰ 'ਚ ਮੁਲਾਜ਼ਮ ਹਾਜ਼ਰ ਰਹਿਣਗੇ।31 ਅਗਸਤ 2025 ਤੋਂ ਬਾਅਦ ਨਗਰ ਕੌਂਸਲ ਵੱਲੋਂ ਪ੍ਰਾਪਰਟੀ ਟੈਕਸ ਨਾ ਭਰਨ ਵਾਲੇ ਪ੍ਰਾਪਰਟੀ ਮਾਲਕਾਂ ਖ਼ਿਲਾਫ਼ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

ਮਨੀਸ਼ ਸਿਸੋਦੀਆ ਵਿਰੁੱਧ ਕਾਰਵਾਈ ਲਈ ਕਾਂਗਰਸ ਨੇ ਡੀ ਸੀ ਨੂੰ ਸੌਂਪਿਆ ਮੰਗ ਪੱਤਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ)

ਆਪ ਆਗੂ ਮਨੀਸ਼ ਸਿਸੋਦੀਆ ਵੱਲੋਂ ਭੜਕਾਊ ਤੇ ਗੈਰ-ਕਾਨੂੰਨੀ ਭਾਸ਼ਣ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਸਬੰਧੀ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਜ਼ਿਲ੍ਹਾ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਹਲਕਾ ਇੰਚਾਰਜ ਅਮਰਦੀਪ ਸਿੰਘ ਆਸ਼ੂ ਬੰਗੜ ਕਾਂਗਰਸ ਪਾਰਟੀ ਫਿਰੋਜ਼ਪੁਰ ਦਿਹਾਤੀ ਤੇ ਯੋਗ ਅਗਵਾਈ ਵਿੱਚ ਜ਼ਿਲ੍ਹਾ ਫਿਰੋਜ਼ਪੁਰ ਦੀ ਕਾਂਗਰਸ ਲੀਡਰਸ਼ਿਪ ਵੱਲੋਂ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਨੂੰ ਮੰਗ ਪੱਤਰ ਸੌਂਪਿਆ ਗਿਆ। ਮੀਡੀਆ ਨਾਲ ਗੱਲਬਾਤ ਕਰਦਿਆਂ ਹਲਕਾ ਇੰਚਾਰਜ਼ ਆਸ਼ੂ ਬੰਗੜ, ਸੀਨੀਅਰ ਆਗੂ ਗੁਰਦੀਪ ਸਿੰਘ ਢਿੱਲੋਂ, ਸਹਾਇਕ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਬਲਜੀਤ ਕੌਰ ਬੰਗੜ, ਸਰਬਜੀਤ ਕੌਰ ਬਰਾੜ ਜ਼ਿਲ੍ਹਾ ਪ੍ਰਧਾਨ ਮਹਿਲਾ ਵਿੰਗ ਨੇ ਦੱਸਿਆ ਕਿ ਪਿਛਲੇ ਦਿਨੀਂ ਆਪ ਆਗੂ ਮਨੀਸ਼ ਸਸੋਦੀਆ ਵੱਲੋਂ ਵਰਕਰਾਂ ਨਾਲ ਮੀਟਿੰਗ ਕਰਦੇ ਸਮੇਂ ਭੜਕਾਓ ਤੇ ਗੈਰ-ਕਾਨੂੰਨੀ ਭਾਸ਼ਣ ਦਿੱਤਾ ਗਿਆ ਸੀ, ਜਿਸ ਵਿੱਚ ਕਹਿੰਦੇ ਹਨ ਕਿ 2027 ਦੀਆਂ ਚੋਣਾਂ ਆਮ ਆਦਮੀ ਪਾਰਟੀ ਨੂੰ ਜਿਤਾਉਣ ਲਈ ਸਾਮ ਦਾਮ ਦੰਡ ਭੇਤ ਸੱਚ ਝੂਠ ਪ੍ਰਸ਼ਨ ਉੱਤਰ ਲੜਾਈ ਝਗੜਾ ਜੇ ਕਰਨਾ ਪਿਆ ਤਾਂ ਕਰਾਂਗੇ, ਕੀ ਤੁਸੀਂ ਤਿਆਰ ਹੋ, ਜੋਸ਼ ਦੇ ਨਾਲ

ਆਪ ਸਭ ਨੇ ਦੇਖਿਆ ਹੋਣਾ ਕਿਸ ਤਰ੍ਹਾਂ ਵੀਡੀਓ ਵਿੱਚ ਕਿਵੇਂ ਵਰਕਰਾਂ ਨੂੰ ਹਿੰਸਾ ਤੇ ਲੜਾਈ ਕਰਨ ਲਈ ਉਕਸਾਇਆ ਜਾ ਰਿਹਾ ਹੈ ਅਤੇ ਚੋਣ ਪ੍ਰਕਿਰਿਆ ਵਿੱਚ ਬੇਈਮਾਨੀ ਤੇ ਹੇਰਾਫੇਰੀ ਨੂੰ ਪ੍ਰੋਤਸਾਹਤ ਕੀਤਾ ਜਾ ਰਿਹਾ ਹੈ, ਜੋ ਕਿ ਭਾਰਤ ਦੇ ਸੰਵਿਧਾਨ ਦੁਆਰਾ ਨਿਰਪੱਖ ਚੋਣਾਂ ਦੀ ਪਵਿੱਤਰਤਾ ਨੂੰ ਖਤਮ ਕਰਨ ਦੀ ਸਿੱਧੇ ਤੌਰ 'ਤੇ ਕੋਸ਼ਿਸ਼ ਕੀਤੀ ਜਾ ਰਹੀ ਹੈ।

ਕਾਂਗਰਸ ਪਾਰਟੀ ਕਦੇ ਵੀ ਇਨ੍ਹਾਂ ਦੀਆਂ ਮਾਰੂ ਨੀਤੀਆਂ ਸਫਲ ਨਹੀਂ ਹੋਣ ਦੇਵੇਗੀ ਤੇ ਡੱਟ ਕੇ ਵਿਰੋਧ ਕਰੇ, ਜਿਸ ਸਬੰਧੀ ਅੱਜ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਨੂੰ ਆਪ ਆਗੂ ਮਨੀਸ਼ ਸਿਸੋਦੀਆ ਖਿਲਾਫ ਕਾਨੂੰਨੀ ਕਾਰਵਾਈ ਕਰਨ ਸਬੰਧੀ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਉਨ੍ਹਾਂ ਨਾਲ ਸਤਨਾਮ ਸਿੰਘ ਫਰੀਦੇਵਾਲਾ, ਲਖਵਿੰਦਰ ਸਿੰਘ ਜੰਬਰ, ਮਨੀਸ਼ ਸੁਲਹਾਣੀ ਜ਼ਿਲਾ ਮੀਤ ਪ੍ਰਧਾਨ, ਪਲਵਿੰਦਰ ਕੌਰ ਸੋਢੀ ਨਗਰ, ਹਰਮਨ ਸੰਧੂ ਸਾਈਆਂ ਵਾਲਾ, ਜੋਬਨਜੀਤ ਸਿੰਘ ਧਾਲੀਵਾਲ ਜ਼ਿਲ੍ਹਾ ਸਕੱਤਰ, ਨੀਟਾ ਸੋਢੀ, ਬਲਾਕ ਪ੍ਰਧਾਨ ਅਮਰੀਕ ਸਿੰਘ ਬ

27- August - Page - 7.qxd 8/26/2025 11:09 PM Page 1

Change of Name

I Manjit Kaur W/o Gagandeep Singh R/o 21/23 Bazar Chawal Mandi Near Golden Temple Amritsar Have changed my name from Manjit Kaur to Manjeet Kaur.

I Jasbir Singh S/O Gurdial Singh R/O Siana Ward No 01 Balachaur Teh Balachaur Distt Sbs Nagar Punjab Have Changed My Name To Jasvir Singh. All Please Note.

I,Pawan Bhardwaj S/O Jagdish Pal R/O H.No.13,Gali No.2,Hargobind Avenue, Majitha Road, Amritsar, Punjab have changed my name from Pawan Bhardwaj to Pawan Kumar Bhardwaj. Concerned note.

I Piaro Alias Narinder Kaur W/o Jaspal Singh resident of Ward No. 02 Balachaur, Teh. Balachaur, Distt. SBS Nagar Punjab Have changed my name to Narinder Kaur. All please note.

I, Amrit Paul Singh alias Amrit Pal S/o Sant Singh Flat No. 6-E, Silver Heights Apartment, Nakodar Road Jalandhar have changed my name from Amrit Paul Singh alias Amrit Pal to Amrit Pal. Please note.

I, Subash Kapur S/o Kala Mal Kapoor R/o 1664/8, Gali Darbara Singh, Kubi Beri, Amritsar, Punjab have changed my name from Subash Kapur to Subash Kumar.

I, Manraj Singh Chandi S/o Satinderjit Singh R/o Village Nag Khurd, PO Nag Kalan, Tehsil & Distt. Amritsar, Punjab-143601 have changed my name from Manraj Singh Chandi to Manraj Singh.

I, Tammana Daughter of Sukhjit Bhardwaj, Resident of Greater Kailash Colony, Laroi Road, VPO Laroi, District Jalandhar, Punjab have changed my name from TAMMANA to TAMMANA BHARDWAJ. Please note all concerned.

I Ajay Kumar Alias Lal Chand S/O Parkash Chand R/O Hno BXI 238/162,Mohalla Kot Ram Dass,Po Chogitti, Jalandhar,Punjab I Have Changed My Name Ajay Kumar Alias Lal Chand To Ajay Kumar

I, Charnjit Singh Chattha S/o Bhagwan Singh R/o H.No.1221/7, Gali Ichha Ram Dhab Basti Ram, Amritsar have changed my name from Charnjit Singh Chattha to Charanjit Singh

I, Aarti Narula W/o Prem Nath R/o Plot No.7, Abadi Ram Avenue, Sultanwind Sub Urban, Opp New Amritsar, Amritsar have changed my name from Aarti Narula to Aarti Mehta

I, Nishan Singh S/o Kuldeep Singh R/o VPO Sarangra Tehsil Lopoke District Amritsar have declare that Nishan is my Given name and Singh is my Surname

I, Ritika D/o Rajesh Dheer W/o Sh. Sunny Nanda R/o H No. 24, Street No.1, Jawahar Nagar, Batala Road, Amritsar. I have changed my name after marriage from Ritika to Ritika Nanda. all concerned please note.

I, Raman Mahajan S/o Roshan Lal R/o 66, 8 Tarn Taran Road, Ishwar Nagar, Amritsar have changed my name from Raman Mahajan to Raman Kumar.

I, Binder S/o Lachhman R/o V.P.O. Muridwal, Tehsil Shahkot, Jalandhar, Punjab-144701 have changed my name and shall hereafter be known as Balwinder Singh.

I, Ram Kumar S/o Madan Lal Khanna R/o H.No.280 Guru Teg Bahadur Nagar Jalandhar have changed my name to Ram Kumar Khanna. All concerned please note.

I, Gurjit Singh S/o Balbir Singh R/o H.No. 342, New Baldev Nagar, Jalandhar, Punjab-144001 have changed my name from Gurjit Singh to Gurjeet Singh. All concerned please note.

I, Pawan S/o Rattan Lal R/o H.No. 54, Mian Gali Near Hathi Gate, Batala, Distt. Gurdaspur, Punjab-143505 have changed my name from Pawan to Pawan Hans (Hans as Surname). Concerned Note.

I Varinder S/o Satpal R/o H no 1250, Arya Smaj, Garha, Distt Jalandhar Punjab have changed my name from Varinder to Varinder is my given name and Lakhotra is my surname. All concerned please note.

I, Jeevan Asha W/o Sukhdev Kumar Sharma R/o VPO Johal, Tehsil Dasuya, Distt. Hoshiarpur, Punjab have changed my name to Jeevan Lata. All Concerned please note.

I, Mandeep Kaur w/o Jaspal Singh r/o Ward No. 890, Jalandhar-II, Po. Mithapur, Distt.Jalandhar-144022, Punjab have changed my name from Mandeep Kaur to Mandip Kaur. All Please Note.

I, Poonam Malviya w/o Sunil Kumar Malviya r/o H.No. 489, Guru Gobind Singh Avenue, Chogitti. Jalandhar-1 have changed my name to Poonam Rani Malviya for all future purposes.

I, Inderpal Singh Arora s/o S. Sampuran Singh r/o H.No. W.R-67, Basti Sheikh, Jalandhar-144002, Punjab have changed my name from Inderpal Singh Arora to Inderpal Singh. All Please Note.

I, Rakesh Kumar s/o Surjit Singh r/o VPO.Khudda, Teh. Dasuya, Distt.Hoshiarpur-144305, Punjab have changed my name to Kumar Rakesh. All Please Note.

I, Gurmel Singh S/o Ram Dass R/o VPO. Raipur Rasulpur, Distt. Jalandhar -144012, Punjab have changed my name from Gurmel Singh to Gurmail Singh. All Please Note.

I, Karan S/o Har Blas R/o H.No ES-436, Abadpura, Jalandhar Punjab have changed my name from Karan to Karan Kainth (Surname as Kainth) All Please Note.

I hither to known as Himmat S/o Hind Pal R/o H.No.70, ledgah Mohalla Garha, Jalandhar, Punjab, India have changed my name and shall hereafter be known as Himat Kumar.

I, hither to known as Tirath Kaur D/o Karnail Singh and W/o Randhir Singh R/o Moh. Piplawala Passa, VPO. Chitti, Distt. Jalandhar, Punjab, India have changed my name and shall hereafter be known as Tirtho.

Change of Name

I, Sangeeta Bisht w/o Gurinder Pal Singh r/o Rasulpur Kalan, Jalandhar state that my father's name appears as Bhim Singh Bisht / Bhim Bahadur Bisht / Bhim Singh and my mother's name as Indra Bisht / Indra Devi Bisht in different records. All refer to the same persons.

I, Suman Devi W/o Sham Lal R/o H.No.206/2, Mohalla Bohar Wala, Kartarpur, Distt. Jalandhar, Punjab have changed my name from Suman Devi to Suman. All Please Note.

PUBLIC NOTICE

I Parminderjit Singh Gill attorney holder of Mrs. Inderjit Kaur Purewal D/o Puran Singh is My Aunt. Her Real Name is Inderjit Kaur Purewal. But in Revenue Record of Village Bhabiana, Teh. Phagwara (Kapurthala) Mention is Narinder Kaur which is wrong. Inderjit Kaur Purewal and Narinder Kaur is one and same Person. All Concerned Please Note.

I Sajan S/o Jagdish Kumar,R/o H.No. E.2, NIT Campus, Lidharha, Distt. Jalandhar declare that original documents of Registry no 2085 dated 15-06-2017 and Registry no 4759 dated 25-10-2010 has actually been losted. All concerned may note.

I, Vikramjeet Singh S/o Madan Lal, residence of Village Khaira Kotli. PO. Bhikhariwal, Tehsil Kalanaur, District Gurdaspur, State Punjab, India. Pincode-143520. Have changed my name from Vikramjeet Singh to Singh Vikramjeet. Surname as Singh and given name as Vikramjeet.

ਆਮ ਸੂਚਨਾ

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਟਿਊਬਵੈਲ ਕੁਨੈਕਸ਼ਨ ਖਾਤਾ ਨੰਬਰ 3004322614 ਹਾਰਸ ਪਾਵਰ 15, ਜੋ ਗੁਰਬਖਸ਼ ਸਿੰਘ ਪੁੱਤਰ ਗੁਰਭਗਤ ਸਿੰਘ ਵਾਸੀ ਬਾਦਲਗੜ੍ਹ ਦੇ ਨਾਮ ਚੱਲਦਾ ਹੈ, ਨੂੰ ਆਪਣੇ ਨਾਮ ਕਰਨ ਲਈ ਮਧੂ ਰਾਣੀ ਪਤਨੀ ਅਸ਼ੋਕ ਕੁਮਾਰ ਨੇ ਦਰਖਾਸਤ ਦਿੱਤੀ ਹੈ । ਅਗਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਵਿੱਚ ਪੇਸ਼ ਕਰੇ।

ਇਕ ਟਿਊਬਵੈਲ ਕੁਨੈਕਸ਼ਨ ਜਿਸਦਾ ਖਾਤਾ ਨੰਬਰ AP663/3 3003162349 BHP 12.5 ਜੋ ਕਿ ਕੁਲਵਿੰਦਰ ਸਿੰਘ ਪੁੱਤਰ ਮਹਿਲ ਸਿੰਘ ਦੇ ਨਾਮ ਤੇ ਚੱਲ ਰਿਹਾ ਹੈ ਨੂੰ ਗੁਰਦੇਵ ਕੌਰ ਪਤਨੀ ਸੁਰਿੰਦਰ ਸਿੰਘ ਨੇ ਆਪਣੇ ਨਾਮ ਤੇ ਕਰਨ ਦੀ ਅਰਜੀ ਦਿਤੀ ਹੈ ਜੇ ਕਰ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ ਉਹ 15 ਦਿਨਾ ਦੇ ਅੰਦਰ ਅੰਦਰ ਆਪਣਾ ਇਤਰਾਜ ਉਪ ਮੰਡਲ ਅਫਸਰ ਪੱਟੀ ਵਿਖੇ ਪੇਸ਼ ਕਰ ਸਕਦਾ ਹੈ, ਨਹੀਂ ਤਾਂ ਤਬਦੀਲੀ ਕਰ ਦਿੱਤੀ ਜਾਵੇਗੀ,ਪੀ ਐਸ ਪੀ ਸੀ ਐਲ।

ਇਕ ਟਿਊਬਵੈਲ ਕੁਨੈਕਸ਼ਨ ਜਿਸਦਾ ਖਾਤਾ ਨੰਬਰ AP-681/1 3003162355 BHP 12.5 ਜੋ ਕਿ ਸੁਰਿੰਦਰ ਸਿੰਘ ਪੁੱਤਰ ਮਹਿਲ ਸਿੰਘ ਦੇ ਨਾਮ ਤੇ ਚੱਲ ਰਿਹਾ ਹੈ ਨੂੰ ਪਰਮਜੀਤ ਕੌਰ ਪਤਨੀ ਕੁਲਵਿੰਦਰ ਸਿੰਘ ਨੇ ਆਪਣੇ ਨਾਮ ਤੇ ਕਰਨ ਦੀ ਅਰਜੀ ਦਿਤੀ ਹੈ ਜੇ ਕਰ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ ਉਹ 15 ਦਿਨਾ ਦੇ ਅੰਦਰ ਅੰਦਰ ਆਪਣਾ ਇਤਰਾਜ ਉਪ ਮੰਡਲ ਅਫਸਰ ਪੱਟੀ ਵਿਖੇ ਪੇਸ਼ ਕਰ ਸਕਦਾ ਹੈ, ਨਹੀਂ ਤਾਂ ਤਬਦੀਲੀ ਕਰ ਦਿੱਤੀ ਜਾਵੇਗੀ ਪੀ ਐਸ ਪੀ ਸੀ ਐਲ।

ਮੋਟਰ ਕੁਨੈਕਸ਼ਨ ਖਾਤਾ ਨੰ: ਕੇ ਸੀ-692 ਜੋਗਿੰਦਰ ਸਿੰਘ ਪੁੱਤਰ ਮੇਜਾ ਸਿੰਘ ਨੂੰ ਆਪਣੇ ਨਾਂਅ ਕਰਨ ਲਈ ਸਵਰਨ ਸਿੰਘ ਪੁੱਤਰ ਜੋਗਿੰਦਰ ਸਿੰਘ ਰਕਬਾ ਫਰੀਦੇ ਵਾਲਾ, ਤਹਿਸੀਲ ਫਿਰੋਜ਼ਪੁਰ ਨੇ ਇਸ ਵਫਰਤ ਨੂੰ ਬੇਨਤੀ ਕੀਤੀ ਹੈ। ਇਤਰਾਜ਼ਯੋਗ ਵਿਅਕਤੀ 10 ਦਿਨਾਂ ਦੇ ਵਿਚ ਐੱਸ ਡੀ ਓ ਵੰਡ ਮੱਲਾਂਵਾਲਾ ਨਾਲ ਸੰਪਰਕ ਕਰੇ।

ਇਕ ਖਾਤਾ ਨੰ: 30032 ਏ ਪੀ, ਟਿਊਬਵੈੱਲ ਕੁਨੈਕਸ਼ਨ ਨੰ: 3003425591, ਪੰਜ ਹਾਰਸ ਪਾਵਰ, ਜੋ ਕਿ ਸਵਰਨ ਸਿਘ ਪੁੱਤਰ ਦਿਆਲ ਸਿਘ ਵਾਸੀ ਪਿੰਡ ਤੋਲਾ ਨੰਗਲ, ਤਹਿਸੀਲ ਲੋਪੋਕੇ, ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ ਚੱਲ ਰਿਹਾ ਹੈ, ਨੂੰ ਜੋਗਿੰਦਰ ਸਿੰਘ ਪੁੱਤਰ ਬਖਸ਼ੀਸ਼ ਸਿੰਘ ਵਾਸੀ ਪਿੰਡ ਤੋਲਾ ਨੰਗਲ, ਤਹਿਸੀਲ ਲੋਪੋਕੇ, ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ 'ਤੇ ਬਦਲੀ ਕਰਨ ਦੀ ਅਰਜ਼ੀ ਆਈ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਨੋਟਿਸ ਛਪਣ ਦੇ 15 ਦਿਨਾਂ ਦੇ ਅੰਦਰ-ਅੰਦਰ ਪੀ ਐੱਸ ਪੀ ਸੀ ਐੱਲ ਉਪ ਮੰਡਲ ਅਫਸਰ ਚੋਗਾਵਾਂ ਨੂੰ ਆਪਣਾ ਇਤਰਾਜ਼ ਪੇਸ਼ ਕਰੇ। ਬਾਅਦ ਵਿਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।

ਨਾਂਅ ਦੀ ਬਦਲੀ

ਮੈਂ, ਸਰਬਜੀਤ ਸਿੰਘ ਪੁੱਤਰ ਸ੍ਰੀ ਜੋਗਿੰਦਰ ਰਾਮ ਵਾਸੀ ਪਿੰਡ ਤੇ ਡਾਕਖਾਨਾ ਬਿਨਪਾਲਕੇ ਜਲੰਧਰ, ਆਪਣੇ ਨਾਬਾਲਗ ਲੜਕੇ ਰੋਨਿਤ ਦਾ ਨਾਂਅ ਬਦਲ ਕੇ ਰੋਨਿਤ ਸਿੰਘ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਸਰਬਜੀਤ ਸਿੰਘ ਪੁੱਤਰ ਸ੍ਰੀ ਜੋਗਿੰਦਰ ਰਾਮ ਵਾਸੀ ਪਿੰਡ ਤੇ ਡਾਕਖਾਨਾ ਬਿਨਪਾਲਕੇ ਜਲੰਧਰ ਬਿਆਨ ਕਰਦਾ ਹਾਂ ਕਿ ਮੇਰੇ ਨਾਬਾਲਗ ਲੜਕੇ ਰੋਨਿਤ ਸਿੰਘ ਦੇ ਕੁਝ ਦਸਤਾਵੇਜ਼ਾਂ ਵਿਚ ਮੇਰਾ ਨਾਂਅ ਸਰਬਜੀਤ ਸਿੰਘ ਲਿਖਿਆ ਹੈ, ਜੋ ਕਿ ਗਲਤ ਹੈ। ਸਹੀ ਨਾਂਅ ਸਰਬਜੀਤ ਸਿੰਘ ਹੈ। ਸੰਬੰਧਤ ਨੋਟ ਕਰਨ।

ਮੈਂ ਰਜਿੰਦਰ ਕੁਮਾਰ ਢੱਲ (ਯੂਆਈਡੀ ਨੰਬਰ 9545-7386-3160) S/O ਉਜਾਗਰ ਲਾਲ ਢੱਲ, ਮਕਾਨ ਨੰ: 16 1 ਫਰੈਂਡਜ਼ ਕਾਲੋਨੀ, ਰਾਮਗੜ੍ਹ, ਲੁਧਿਆਣਾ, ਪੰਜਾਬ, 141123। ਬਿਆਨ ਕਰਦਾ ਹਾਂ ਕਿ ਕੁਝ ਦਸਤਾਵੇਜ਼ਾਂ ਵਿੱਚ, ਮੇਰਾ ਨਾਮ ਰਜਿੰਦਰ ਕੁਮਾਰ ਢੱਲ ਹੈ ਅਤੇ ਰਾਜਿੰਦਰ ਕੁਮਾਰ ਹੈ, ਮੈਨੂੰ ਰਜਿੰਦਰ ਕੁਮਾਰ ਢੱਲ ਅਤੇ ਰਜਿੰਦਰ ਕੁਮਾਰ ਦੋਵਾਂ ਨਾਵਾਂ ਨਾਲ ਜਾਣਿਆ ਜਾਂਦਾ ਹੈ। ਸਾਰੇ ਨੋਟ ਕਰਨ।

ਮੈਂ ਸਵਿਤਾ (ਯੂਆਈਡੀ ਨੰ. 6090-2042-1583) ਪਤਨੀ ਰਜਿੰਦਰ ਕੁਮਾਰ ਨਿਵਾਸੀ ਹਾਊਸ ਨੰ. 16 1, ਫਰੈਂਡਜ਼ ਕਲੋਨੀ, ਰਾਮਗੜ੍ਹ, ਲੁਧਿਆਣਾ, ਪੰਜਾਬ, 141123। ਮੈਂ ਬਿਆਨ ਕਰਦੀ ਹਾਂ ਕਿ ਕੁਝ ਦਸਤਾਵੇਜ਼ਾਂ ਵਿੱਚ ਮੇਰਾ ਨਾਮ ਸਵਿਤਾ ਢੱਲ ਅਤੇ ਸਵਿਤਾ ਹੈ। ਸਵੀਤਾ ਅਤੇ ਸਵੀਤਾ ਢੱਲ ਦੋਵੇਂ ਇੱਕ ਹੀ ਲੇਡੀਜ਼ ਦੇ ਨਾਮ ਹਨ ਅਤੇ ਮੈਨੂੰ ਦੋਵਾਂ ਨਾਂ ਨਾਲ ਜਾਣਿਆ ਜਾਂਦਾ ਹੈ ਸਾਰੇ ਨੋਟ ਕਰਨ।

ਮੈਂ, ਇਸ਼ਾ ਕਾਲੀਆ ਪੁੱਤਰੀ ਹਿੰਦ ਭੂਸ਼ਨ ਕਾਲੀਆ ਅਤੇ ਪਤਨੀ ਰਿਸ਼ੀ ਕੁਮਾਰ ਖੱਖਾ ਵਾਸੀ ਮੁਹੱਲਾ ਖੋਸਲਾ, ਰਾਹੋ, ਤਹਿਸੀਲ ਨਵਾਂਸ਼ਹਿਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, ਪਿੰਨ ਕੋਡ 144 517, ਪੰਜਾਬ ਨੇ ਆਪਣੇ ਵਿਆਹ ਤੋਂ ਬਾਅਦ ਆਪਣਾ ਨਾਮ ਬਦਲ ਕੇ ਇਸ਼ਾ ਕਾਲੀਆ ਤੋਂ ਇਸ਼ਾ ਖੱਖਾ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ ਜਿੰਦਾ ਸਿੰਘ ਪੁੱਤਰ ਗੁਰਮੁਖ ਸਿੰਘ ਵਾਸੀ ਪਿੰਡ ਸੁਹਾਵਾ, ਜ਼ਿਲ੍ਹਾ ਤਰਨ ਤਾਰਨ ਨੇ ਆਪਣਾ ਨਾਂਅ ਜਿੰਦਾ ਸਿੰਘ ਤੋਂ ਬਦਲ ਕੇ ਹਰਜਿੰਦਰ ਸਿੰਘ ਰੱਖ ਲਿਆ ਹੈ। ਮੈਨੂੰ ਇਸ ਨਾਂਅ ਨਾਲ ਜਾਣਿਆ ਜਾਵੇ। ਸੰਬੰਧਤ ਨੋਟ ਕਰਨ।

ਬੇਦਖਲੀ ਨੋਟਿਸ

ਅਸੀਂ, ਰਾਜ ਕੁਮਾਰ ਮੈਹਰਾ ਪੁੱਤਰ ਰਮੇਸ਼ ਕੁਮਾਰ ਅਤੇ ਸੀਮਾ ਮੈਹਰਾ ਪਤਨੀ ਰਾਜ ਕੁਮਾਰ, ਵਾਸੀ ਮਕਾਨ ਨੰਬਰ 2616, ਕੋਟ ਮਹੰਤ ਰਾਮ, ਭੂਸ਼ਣਪੁਰਾ, ਅੰਮ੍ਰਿਤਸਰ, ਹਾਲ ਵਾਸੀ ਮਕਾਨ ਨੰ: 145, ਨਾਰੂਰ ਜੀ ਅਸਟੇਟ, ਫਤਿਹਗੜ੍ਹ ਚੂੜੀਆਂ ਰੋਡ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਪ੍ਰਿੰਸ ਮੈਹਰਾ ਅਤੇ ਉਸ ਦੀ ਪਤਨੀ ਚਾਰੂ ਕਯਸ਼ਪ ਸਾਡੇ ਕਹਿਣੇ ਤੋਂ ਬਾਹਰ ਹਨ ਤੇ ਸਾਡੇ ਨਾਲ ਲੜਾਈ-ਝਗੜਾ ਕਰਦੇ ਹਨ। ਅਸੀਂ ਇਨ੍ਹਾਂ ਨੂੰ ਅਤੇ ਇਨ੍ਹਾਂ ਦੀ ਔਲਾਦ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਤ ਨੋਟ ਕਰਨ।

ਮੈਂ ਬਲਵਿੰਦਰ ਸਿੰਘ ਪੁੱਤਰ ਬਚਨ ਸਿੰਘ, ਵਾਸੀ ਬੇਦਾਦਪੁਰ, ਤਹਿਸੀਲ ਬਾਬਾ ਬਕਾਲਾ (ਅੰਮ੍ਰਿਤਸਰ) ਆਪਣੇ ਲੜਕੇ ਗੁਰਿੰਦਰਜੀਤ ਸਿੰਘ, ਨਵਜੋਤ ਸਿੰਘ, ਗੁਰਪ੍ਰੀਤ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਣ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਮਹਿੰਦਰ ਸਿੰਘ ਪੁੱਤਰ ਰੂੜ ਸਿੰਘ ਵਾਸੀ ਪਿੰਡ ਬਾਬੋਵਾਲ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰੀ ਨੂੰਹ ਸਰਬਜੀਤ ਕੌਰ (ਰਾਣੀ) ਪਤਨੀ ਲੇਟ ਗੁਰਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦੀ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸਬੰਧਤ ਨੋਟ ਕਰਨ।

ਮੈਂ, ਕਸ਼ਮੀਰ ਸਿੰਘ ਪੁੱਤਰ ਅਜੀਤ ਸਿੰਘ, ਵਾਸੀ ਖਾਲਸਾ ਨਗਰ, ਕੋਟ ਮਿੱਤ ਸਿੰਘ ਤਰਨ ਤਾਰਨ ਰੋਡ ਅੰਮ੍ਰਿਤਸਰ, ਪੰਜਾਬ-143022 ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਸੁਖਬੀਰ ਕੌਰ ਅਤੇ ਲੜਕੀ ਸਿਮਰਜੀਤ ਕੌਰ, ਜੋ ਮੇਰੇ ਤੋਂ ਅਲੱਗ ਰਹਿ ਰਹੀਆਂ ਹਨ ਅਤੇ ਮੇਰੇ ਕਹਿਣੇ ਤੋਂ ਬਾਹਰ ਹਨ। ਮੇਰਾ ਅਤੇ ਮੇਰੇ ਲੜਕਿਆਂ ਦਾ ਇਨ੍ਹਾਂ ਨਾਲ ਕੋਈ ਸੰਬੰਧ ਨਹੀਂ ਹੈ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਬਾਕੀ ਪਰਵਾਰਕ ਮੈਂਬਰਾਂ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਵਿਸ਼ਵਨਾਥ ਪੁੱਤਰ ਤਰਲੋਕ ਨਾਥ ਵਾਸੀ ਮਕਾਨ ਨੰ: 714 ਆਦਰਸ਼ ਨਗਰ, ਗੁਰੂ ਨਾਨਕਪੁਰਾ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਵਿਨੋਦ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਪ੍ਰਦੀਪ ਕੁਮਾਰ ਪੁੱਤਰ ਪ੍ਰੀਤਮ ਦਾਸ ਵਾਸੀ ਪਿੰਡ ਬਿਸ਼ਨਪੁਰ ਜੱਟਾਂ, ਲੱਖਣ ਕਲਾਂ, ਜਿਲਾ ਕਪੂਰਥਲਾ ਬਿਆਨ ਕਰਦਾ ਹਾਂ ਮੇਰਾ ਲੜਕਾ ਰਾਹੁਲ, ਜੋ ਕਿ ਮੇਰੇ ਕਹਿਣੇ ਕਾਰ ਵਿੱਚ ਨਹੀਂ ਹੈ। ਜਿਸ ਕਰਕੇ ਮੈਂ ਆਪਣੇ ਲੜਕੇ ਰਾਹੁਲ ਨੂੰ ਆਪਣੀ ਤਮਾਮ ਚੱਲ ਅਤੇ ਅਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਕਿਸੇ ਵੀ ਕਿਸਮ ਦਾ ਲੈਣ ਦੇਣ ਕਰਨ ਵਾਲਾ ਵਿਅਕਤੀ ਖੁੱਦ ਜ਼ਿੰਮੇਦਾਰ ਹੋਵੇਗਾ।

ਅਸੀਂ, ਵਿਵੇਸ਼ਵਰ ਰਾਮ ਪੁੱਤਰ ਜਿਨਗਨ ਰਾਮ ਅਤੇ ਰਮਪੁਰਾ ਦੇਵੀ ਪਤਨੀ ਵਿਦੇਸ਼ਵਰ ਰਾਮ ਦੋਨੋਂ ਵਾਸੀਆਨ 52, ਰਾਜਪੁਰ, ਈਸਟ ਚਮਪਾਰਨ, ਬਿਹਾਰ, ਹਾਲ ਵਾਸੀ ਨਿਊ ਬਚਿਤ ਨਗਰ, ਪਿੰਡ ਰੇਰੂ, ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਅਕਾਸ਼ ਕੁਮਾਰ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

ਮੈਂ ਮਨਜੀਤ ਕੌਰ ਵਿਧਵਾ ਅਜੀਤ ਸਿੰਘ, ਵਾਸੀ ਪਿੰਡ ਨੂਰਪੁਰ ਲੁਬਾਣਾ, ਜਿਲਾ ਕਪੂਰਥਲਾ ਬਿਆਨ ਕਰਦੀ ਹਾਂ ਕਿ ਸਰਬਜੀਤ ਸਿੰਘ (ਲੜਕਾ), ਨਵਨੀਤ ਕੌਰ (ਨੂੰਹ), ਦਿਲਾਵਿਆ ਸਿੰਘ (ਪੋਤਰੀ) ਅਤੇ ਹਰਦੀਪ ਸਿੰਘ (ਲੜਕਾ), ਦਵਿੰਦਰ ਕੌਰ (ਨੂੰਹ), ਅਵਨੂਰ ਕੌਰ (ਪੋਤਰੀ), ਹਰਗੁਣ ਕੌਰ (ਪੋਤਰੀ), ਅਤੇ ਸੰਦੀਪ ਕੌਰ ਪੁੱਤਰੀ ਅਜੀਤ ਸਿੰਘ, ਜੋ ਕਿ ਮੇਰੇ ਕਹਿਣੇ ਕਾਰ ਵਿੱਚ ਨਹੀਂ ਹਨ। ਜਿਸ ਕਰਕੇ ਮੈਂ ਇਨਾ ਸਾਰਿਆਂ ਨੂੰ ਆਪਣੀ ਤਮਾਮ ਜਲ ਅਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਹਨਾਂ ਸਾਰਿਆਂ ਨਾਲ ਜੋ ਵੀ ਵਿਅਕਤੀ ਕਿਸੇ ਵੀ ਕਿਸਮ ਦਾ ਲੈਣ ਦੇਣ ਕਰੇਗਾ ਤਾਂ ਇਸ ਲਈ ਉਹ ਖੁਦ ਜ਼ਿੰਮੇਵਾਰ ਹੋਵੇਗਾ। ਅੱਜ ਤੋਂ ਇਨਾ ਸਾਰਿਆਂ ਨਾਲ ਮੇਰਾ ਕੋਈ ਤਲਕ ਵਾਸਤਾ ਨਹੀਂ ਰਿਹਾ ਹੈ।

COURT NOTICE

(U/o 5 Rule 20 CPC)
In The Court of
Ms. Amanpreet Kaur
Civil Judge Junior Division-10, Patiala
CNR No. PBPT02-000167-2024
Next Date:-12-09-2025
Ramesh Kumar
Vs.
Gurpreet Singh
Publication Issued To:
1. Gurpreet Singh
Father: Balw

27 Aug Page 8.qxd 8/26/2025 11:13 PM Page 1

ਮੁਲਾਜ਼ਮ ਲਹਿਰ ਦੇ ਸਿਰਮੌਰ ਆਗੂ ਰਹੇ ਸਾਥੀ ਵੇਦ ਪ੍ਰਕਾਸ਼ ਨੂੰ ਪਹਿਲੀ ਬਰਸੀ ਮੌਕੇ 'ਤੇ ਕੀਤਾ ਯਾਦ

ਜਲੰਧਰ (ਰਾਜੇਸ਼ ਬਾਧਾ) ਮੁਲਾਜ਼ਮ ਲਹਿਰ ਦੇ ਸਿਰਮੌਰ ਆਗੂ ਤੇ ਮਜ਼ਦੂਰਾਂ ਦੀ ਬੰਦ ਖਲਾਸੀ ਦੇ ਝੰਡਾ ਬਰਦਾਰ ਸਾਥੀ ਵੇਦ ਪ੍ਰਕਾਸ਼ ਦੀ ਪਹਿਲੀ ਬਰਸੀ ਕਮਿਊਨਿਟੀ ਹਾਲ ਜੇਤੇਵਾਲ ਨੂਰਪੁਰ ਬੇਦੀ ਵਿੱਖੇ ਪਹਿਲੀ ਬਰਸੀ ਮਨਾਈ ਗਈ।ਜਿਸ ਸਮਾਗਮ ਦੀ ਪ੍ਰਧਾਨਗੀ ਸਾਥੀ ਸ਼ਤੀਸ਼ ਰਾਣਾ, ਸਾਥੀ ਤੀਰਥ ਸਿੰਘ ਬਾਸੀ, ਸਾਥੀ ਸੂਚਾ ਸਿੰਘ ਖਟੜਾ, ਸਾਥੀ ਸੁਖਵਿੰਦਰ ਸਿੰਘ ਚਾਹਲ,ਸਾਥੀ ਮੱਖਣ ਸਿੰਘ ਵਾਹਿਦਪੁਰੀ, ਸਾਥੀ ਮੋਹਣ ਸਿੰਘ ਧਮਾਣਾ, ਜਸਵਿੰਦਰਪਾਲ ਕਾਂਗੜ, ਪੈਨਸ਼ਨਰਜ ਆਗੂ ਸਾਥੀ ਦਰਸ਼ਨ ਸਿੰਘ ਬੜਵਾ ਤੇ ਸਾਥੀ ਵੇਦ ਪ੍ਰਕਾਸ਼ ਧਰਮ ਪਤਨੀ ਸ਼੍ਰੀਮਤੀ ਸੁਨੀਤਾ ਸ਼ਰਮਾ ਨੇ ਕੀਤੀ।ਬਰਸੀ ਦੇ ਸਮਾਗਮ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਸਾਥੀ ਵੇਦ ਪ੍ਰਕਾਸ਼ ਵੱਲੋਂ ਮੁਲਾਜ਼ਮ ਲਹਿਰ ਤੇ ਮਜਦੂਰ ਲਹਿਰ ਲਈ ਪਾਏ ਯੋਗਦਾਨ ਲਈ ਯਾਦ ਕੀਤਾ।ਸਾਥੀ ਸ਼ਤੀਸ਼ ਰਾਣਾ, ਸਾਥੀ ਤੀਰਥ ਸਿੰਘ ਬਾਸੀ, ਸਾਥੀ ਸੂਚਾ ਸਿੰਘ ਖਟੜਾ, ਸਾਥੀ ਮੱਖਣ ਸਿੰਘ ਵਾਹਿਦਪੁਰੀ, ਸਾਥੀ ਸੁਖਵਿੰਦਰ ਸਿੰਘ ਚਾਹਲ, ਸਾਥੀ ਮਨਜੀਤ ਸੈਣੀ, ਰਾਮ ਕਿਸ਼ਨ ਧੁਨਕੀਆ ਤੇ ਸਾਥੀ ਕਰਮਜੀਤ ਸਿੰਘ ਬੀਹਲਾ ਨੇ ਬੋਲਦਿਆਂ ਕਿਹਾ ਕਿ ਸਾਥੀ ਵੇਦ ਪ੍ਰਕਾਸ਼ ਇੱਕ ਵਿਆਕਤੀ ਨਹੀਂ ਆਪਣੇ-ਆਪ ਵਿੱਚ ਇੱਕ ਸੰਸਥਾ ਸਨ, ਉਨ੍ਹਾਂ ਨੇ ਪੰਜਾਬ ਤੇ ਦੇਸ਼ ਪੱਧਰ ਤੇ ਬਹੁਤ ਸਾਰੇ ਸ਼ੰਘਰਸ਼ਾਂ ਨੂੰ ਲਾਮਵੰਦ ਕਰਕੇ ਜਿੱਤਾਂ ਪ੍ਰਾਪਤ

ਕੀਤੀਆਂ। ਸਮਾਗਮ ਦਾ ਮੰਚ ਸੰਚਾਲਨ ਸਾਥੀ ਗੁਰਬਿੰਦਰ ਸਿੰਘ ਸਸਕੋਰ ਵੱਲੋਂ ਬੜੇ ਹੀ ਸੁਚੱਜੇ ਢੰਗ ਨਾਲ ਸਮਾਂਬੱਧ ਕਰਕੇ ਬਾਖੂਬੀ ਨਿਭਾਇਆ ਗਿਆ। ਬਰਸੀ ਸਮਾਗਮ ਦਾ ਧੰਨਵਾਦ ਪਿੰਡ ਸਸਕੋਰ ਦੇ ਸਰਪੰਚ ਗਿਆਨੀ ਮਹਿੰਦਰ ਸਿੰਘ ਵੱਲੋਂ ਕੀਤਾ ਗਿਆ।

ਹਾਦਸਿਆਂ ਨੂੰ ਸੱਦਾ ਦੇ ਰਹੇ ਸੜਕ ਵੱਲ ਝੁਕੇ ਸੁੱਕੇ ਦਰੱਖਤ

ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)- ਭੋਗਪੁਰ ਤੋਂ ਆਦਮਪੁਰ ਵੱਲ ਨੂੰ ਜਾਂਦਿਆਂ ਬਹੁਤ ਸਾਰੇ ਸੜਕ ਵੱਲ ਝੁਕੇ ਹੋਏ ਸੁੱਕੇ ਦਰੱਖਤ ਕਿਸੇ ਵੱਡੇ ਹਾਦਸੇ ਦੀ ਉਡੀਕ ਵਿੱਚ ਹਨ। ਜਾਣਕਾਰੀ ਅਨੁਸਾਰ ਭੋਗਪੁਰ ਤੋਂ ਆਦਮਪੁਰ ਤੱਕ ਜਾਂਦਿਆਂ ਸੜਕਾਂ ਦੇ ਕਿਨਾਰੇ ਵੱਖ-ਵੱਖ ਭੀੜਾਂ ਵਾਲੀਆਂ ਜਗ੍ਹਾ 'ਤੇ ਵੱਖ-ਵੱਖ ਪਿੰਡਾਂ ਦੇ ਲਾਗੇ, ਜੋ ਦਰਖਤ ਸੜਕ ਵੱਲ ਨੂੰ ਝੁਕੇ ਹੋਏ ਹਨ ਉਹ ਕਿਸੇ ਵੱਡੀ ਦੁਰਘਟਨਾ ਦੀ ਉਡੀਕ ਕਰ ਰਹੇ ਹਨ। ਕਾਫੀ ਸਮੇਂ ਤੋਂ ਪ੍ਰਸ਼ਾਸਨ ਕੁੰਭਕਰਨੀ ਨੀਂਦ ਸੌ ਚੁੱਕਾ ਹੈ। ਇੱਥੇ ਹੀ ਬਸ ਨਹੀਂ ਪਿਛਲੇ ਕਾਫੀ ਸਮੇਂ ਤੋਂ ਇਸ ਰੋਡ 'ਤੇ ਹੋਰ ਵੀ ਬਹੁਤ ਸੁਕੇ ਦਰੱਖਤ ਖੜੇ ਹਨ। ਇਨ੍ਹਾਂ ਦੀ ਕਟਾਈ ਨਾ ਕੀਤੇ ਜਾਣ ਸਦਕਾ ਇਨ੍ਹਾਂ ਦੀ ਲੱਕੜ ਵੀ ਬੇਕਾਰ ਹੋ ਗਈ ਹੈ। ਬਾਰਿਸ਼ ਹਵਾਵਾਂ ਅਤੇ ਧੁੱਪਾਂ ਦੀ ਮਾਰ ਨਾਲ ਲੱਕੜ ਗਲ-ਸੜ ਚੁੱਕੀ ਹੈ। ਜਦੋਂ ਵੀ ਤੇਜ਼ ਹਨੇਰੀ ਆਉਂਦੀ ਹੈ ਤਾਂ ਇਹ ਦਰਖਤ ਸੜਕ ਵੱਲ ਟੁੱਟ ਕੇ ਡਿੱਗਦੇ ਹਨ। ਜਿਸ ਕਾਰਨ ਕਈ ਵਾਰ ਹਾਦਸੇ ਵੀ ਹੋ ਚੁੱਕੇ ਹਨ। ਦੋ ਦਿਨਾਂ ਤੋਂ ਲਗਾਤਾਰ ਪੈ ਰਹੇ ਮੀਹ ਦੇ ਕਾਰਨ ਸੁੱਕੇ ਦਰਖਤਾਂ ਦੀਆਂ ਜੜਾਂ ਦੇ ਵਿੱਚ ਪਾਣੀ ਜਾ ਚੁੱਕਾ ਹੈ, ਜੋ ਕਿਸੇ ਵੀ ਟਾਈਮ 'ਤੇ ਸੜਕ ਵੱਲ ਨੂੰ ਡਿੱਗ ਸਕਦੇ ਹਨ ਅਤੇ ਕੋਈ ਵੀ ਵੱਡੀ ਦੁਰਘਟਨਾ ਹੋ ਸਕਦੀ ਹੈ। ਇਲਾਕਾ

ਨਿਵਾਸੀਆਂ ਨੇ ਸਰਕਾਰ ਨੂੰ ਬੇਨਤੀ ਕੀਤੀ ਕਿ ਇਹ ਸੁੱਕੇ ਦਰੱਖਤ ਜਲਦ ਹੀ ਕਟਾਏ ਜਾਣ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਕੋਈ ਵੱਡੀ ਦੁਰਘਟਨਾ ਨਾ ਵਾਪਰ ਸਕੇ।

ਤਹਿਸੀਲਦਾਰ ਖਿਲਾਫ਼ ਜ਼ਮਾਨਤਯੋਗ ਵਰੰਟ ਜਾਰੀ

ਚੰਡੀਗੜ੍ਹ (ਗੁਰਜੀਤ ਬਿੱਲਾ)- ਪੰਜਾਬ ਰਾਜ ਸੂਚਨਾ ਕਮਿਸ਼ਨ ਵੱਲੋਂ ਇਕ ਮਾਮਲੇ ਦੀ ਸੁਣਵਾਈ ਕਰਦਿਆਂ ਲੋਕ ਸੂਚਨਾ ਅਧਿਕਾਰੀ-ਕਮ- ਤਹਿਸੀਲਦਾਰ ਖਰੜ ਖਿਲਾਫ਼ ਜ਼ਮਾਨਤਯੋਗ ਵਰੰਟ ਜਾਰੀ ਕੀਤੇ ਹਨ। ਪੰਜਾਬ ਰਾਜ ਸੂਚਨਾ ਕਮਿਸ਼ਨ ਦੇ ਬੁਲਾਰੇ ਨੇ ਦੱਸਿਆ ਕਿ ਭਗਤ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਕੰਸਾਲਾ, ਖਰੜ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਅਪੀਲ ਕੇਸ ਨੰਬਰ 6586 ਆਫ਼ ਡਾ 2023 ਦੀ ਸੁਣਵਾਈ ਦੌਰਾਨ ਰਾਜ ਸੂਚਨਾ ਕਮਿਸ਼ਨਰ ਸ੍ਰੀ ਹਰਪ੍ਰੀਤ ਸਿੰਘ ਸੰਧੂ ਵੱਲੋਂ ਸਮੇਂ-ਸਮੇਂ 'ਤੇ ਜਾਰੀ ਪੇਸ਼ ਹੋਣ ਸਬੰਧੀ ਹੁਕਮਾਂ ਦੀ ਲੋਕ ਸੂਚਨਾ ਅਧਿਕਾਰੀ-ਕਮ- ਤਹਿਸੀਲਦਾਰ ਖਰੜ ਸ੍ਰੀਮਤੀ ਗੁਰਵਿੰਦਰ ਕੌਰ ਵੱਲੋਂ ਪਾਲਣਾ ਨਹੀਂ ਕੀਤੀ ਗਈ। ਜਿਸ ਦੇ ਮੱਦੇਨਜ਼ਰ ਰਾਜ ਸੂਚਨਾ ਕਮਿਸ਼ਨਰ ਹਰਪ੍ਰੀਤ ਸਿੰਘ ਸੰਧੂ ਵੱਲੋਂ ਐੱਸ.ਐੱਸ.ਪੀ. ਸਾਹਿਬਜ਼ਾਦਾ ਅਜੀਤ ਸਿੰਘ ਨਗਰ ਹਰਮਨਦੀਪ ਸਿੰਘ ਹਾਂਸ ਨੂੰ ਚਿੱਠੀ ਜਾਰੀ ਕਰਦਿਆਂ ਲੋਕ ਸੂਚਨਾ ਅਧਿਕਾਰੀ-ਕਮ- ਤਹਿਸੀਲਦਾਰ ਖਰੜ ਸ੍ਰੀਮਤੀ ਗੁਰਵਿੰਦਰ ਕੌਰ ਖਿਲਾਫ਼ ਜ਼ਮਾਨਤਯੋਗ ਵਰੰਟ ਜਾਰੀ ਕਰਦਿਆਂ 23-09-2025 ਨੂੰ ਸਵੇਰੇ 11:30 ਵਜੇ ਪੰਜਾਬ ਰਾਜ ਸੂਚਨਾ ਕਮਿਸ਼ਨ, ਚੰਡੀਗੜ੍ਹ ਵਿਖੇ ਪੇਸ਼ ਕਰਨ ਦੇ ਹੁਕਮ ਦਿੱਤੇ ਗਏ ਹਨ। ਇਹਨਾਂ ਹੁਕਮਾਂ ਦੀ ਕਾਪੀ ਲੋੜੀਂਦੀ ਕਾਰਵਾਈ ਅਤੇ ਜਾਣਕਾਰੀ ਹਿੱਤ ਡਿਪਟੀ ਕਮਿਸ਼ਨਰ, ਮੋਹਾਲੀ ਨੂੰ ਵੀ ਭੇਜ ਦਿੱਤੀ ਗਈ ਹੈ।

ਕਾਹਲੋਂ ਗਰੁੱਪ ਨੂੰ ਹੂੰਝਾ ਫੇਰ ਜਿੱਤ ਹਾਸਲ ਹੋਈ

ਜਲੰਧਰ (ਰਾਜੇਸ਼ ਬਾਧਾ)- ਨਾਰਦਨ ਰੇਲਵੇ ਇੰਪਲਾਈਜ਼ ਕੋਆਪ੍ਰੇਟਿਵ ਹਾਊਸ ਬਿਲਡਿੰਗ ਸੁਸਾਇਟੀ ਰੇਲ ਵਿਹਾਰ ਦੀ ਮੈਨੇਜਿੰਗ ਕਮੇਟੀ ਜਲੰਧਰ ਦੀ ਚੋਣ ਹੋਈ ਜਿਸ ਵਿੱਚ ਕਾਹਲੋਂ ਗਰੁੱਪ ਨੂੰ ਹੂੰਝਾ ਫੇਰ ਜਿੱਤ ਹਾਸਲ ਹੋਈ। ਵਿਰੋਧੀ ਧਿਰ ਦਾ ਕੋਈ ਉਮੀਦਵਾਰ ਹਾਰ ਤੋਂ ਡਰਦਿਆਂ ਕਾਹਲੋਂ ਗਰੁੱਪ ਅੱਗੇ ਨਹੀਂ ਆਇਆ। ਇਸ ਮੌਕੇ ਡਾ. ਸੁਖਦੇਵ ਰਾਜ, ਸੁਰਿੰਦਰ ਸਿੰਘ, ਇੰਦਰਜੀਤ ਸਿੰਘ, ਪਵਿੱਤਰ ਸਿੰਘ, ਬਲਬੀਰ ਕੌਰ, ਪੂਨਮ ਕਾਲੀਆ, ਇੰਦਰ ਜੀਤ ਡੋਗਰਾ, ਅਨਿਲ ਪਾਸਵਾਨ, ਗੁਰਮਿੰਦਰ ਸਿੰਘ ਉਮੀਦਵਾਰ ਵੱਡੀ ਹਿਮਾਇਤ ਨਾਲ ਚੁਣੇ ਗਏ।

ਕਰਤਾਰਪੁਰ ਦੇ 5 ਪਿੰਡ ਟੀ ਬੀ ਮੁਕਤ ਐਲਾਨੇ

ਕਰਤਾਰਪੁਰ (ਹਰਮੇਸ਼ ਦੱਤ)- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੀ ਅਗਵਾਈ ਹੇਠ ਸਿਹਤ ਵਿਭਾਗ ਵੱਲੋਂ 'ਟੀ ਬੀ ਮੁਕਤ ਪੰਜਾਬ' ਦੇ ਅਹਿਮ ਮਨਸੂਬੇ ਨੂੰ ਸਾਕਾਰ ਕਰਨ ਦੀ ਦਿਸ਼ਾ ਵਿੱਚ ਇੱਕ ਵੱਡੀ ਪੁਲਾਂਘ ਪੁੱਟਦਿਆਂ, ਕਰਤਾਰਪੁਰ ਬਲਾਕ ਦੇ ਪੰਜ ਪਿੰਡਾਂ ਨੂੰ ਤਪਦਿਕ (ਟੀ ਬੀ) ਤੋਂ ਮੁਕਤ ਐਲਾਨਿਆ ਹੈ। ਇਹ ਇਤਿਹਾਸਕ ਪ੍ਰਾਪਤੀ ਸਿਹਤ ਵਿਭਾਗ ਦੇ ਸਮੂਹਿਕ ਯਤਨਾਂ ਦਾ ਨਤੀਜਾ ਹੈ, ਜੋ ਇੱਕ ਸਿਹਤਮੰਦ ਅਤੇ ਬਿਮਾਰੀ-ਰਹਿਤ ਸਮਾਜ ਦੀ ਸਿਰਜਣਾ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।ਇਸ ਪ੍ਰਾਪਤੀ ਤਹਿਤ ਪਿੰਡ ਅਵਾਦਾਨ, ਗੋਨਾ ਚੱਕ,

ਪਵਾਰ, ਐਮਾ ਕਾਜ਼ੀ ਅਤੇ ਤਲਵੰਡੀ ਝੰਡੇਰ ਨੂੰ ਟੀਬੀ ਮੁਕਤ ਐਲਾਨਿਆ ਗਿਆ ਹੈ। ਸਿਹਤ ਵਿਭਾਗ ਦੀਆਂ ਟੀਮਾਂ ਨੂੰ ਪਿਛਲੇ ਦੋ ਸਾਲਾਂ ਦੌਰਾਨ ਇਨ੍ਹਾਂ ਪਿੰਡਾਂ ਵਿੱਚ ਟੀ ਬੀ ਦਾ ਕੋਈ ਵੀ ਨਵਾਂ ਮਰੀਜ਼ ਨਹੀਂ ਮਿਲਿਆ। ਇਸ ਤੋਂ ਇਲਾਵਾ, ਬਲਾਕ ਵਿੱਚ ਪਿਛਲੇ ਸਾਲ ਦੌਰਾਨ 388 ਟੀ ਬੀ ਦੇ ਮਰੀਜ਼ਾਂ ਦਾ ਸਫਲਤਾਪੂਰਵਕ ਇਲਾਜ ਕਰਕੇ ਉਨ੍ਹਾਂ ਨੂੰ ਸਿਹਤਯਾਬ ਕੀਤਾ ਗਿਆ ਹੈ।ਇਸ ਮੌਕੇ ਸਿਵਲ ਸਰਜਨ ਜਲੰਧਰ ਡਾ. ਗੁਰਮੀਤ ਲਾਲ ਨੇ ਕਿਹਾ ਕਿ ਸਿਹਤ ਮੰਤਰੀ ਡਾ ਬਲਬੀਰ ਸਿੰਘ ਦੇ ਵਿਜ਼ਨ ਅਨੁਸਾਰ ਪੰਜਾਬ ਨੂੰ ਟੀਬੀ ਮੁਕਤ ਬਣਾਉਣ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਗਰੀਬਾਂ ਦੀ ਰੋਟੀ 'ਤੇ ਡਾਕਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ : ਸੰਤੋਸ਼ ਕਟਾਰੀਆ

ਬਲਾਚੌਰ (ਜਸਵਿੰਦਰ ਬੈਂਸ)- ਭਾਜਪਾ ਦੀ ਅਗਵਾਈ ਵਾਲੀ ਕੇਂਦਰ ਦੀ ਮੋਦੀ ਸਰਕਾਰ ਦੀ ਤਿੱਖੀ ਆਲੋਚਨਾ ਕਰਦਿਆਂ ਸੰਤੋਸ਼ ਕਟਾਰੀਆ ਹਲਕਾ ਵਿਧਾਇਕ ਕਿਹਾ ਕਿ ਜਨਤਕ ਵੰਡ ਪ੍ਰਣਾਲੀ ਤਹਿਤ ਸੂਬੇ ਦੇ 55 ਲੱਖ

ਲੋਕਾਂ ਨੂੰ ਮੁਫਤ ਅਨਾਜ ਸਕੀਮ ਤੋਂ ਵਾਂਝਾ ਰੱਖਣ ਦਾ ਫੈਸਲਾ ਪੰਜਾਬ ਅਤੇ ਪੰਜਾਬੀਆਂ ਵਿਰੋਧੀ ਹੈ ਜਿਸਦਾ ਹਰ ਪੱਧਰ 'ਤੇ ਡਟਵਾਂ ਵਿਰੋਧ ਕੀਤਾ ਜਾਵੇਗਾ। ਹਲਕਾ ਵਿਧਾਇਕ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਸੂਬੇ ਦੇ 53 ਲੱਖ ਲੋਕਾਂ ਦਾ ਰਾਸ਼ਨ ਬੰਦ ਕਰਨ ਦੀ ਸਾਜ਼ਿਸ਼ ਰਚ ਰਹੀ ਹੈ, ਜਿਸ ਵਿੱਚ ਮੋਦੀ ਸਰਕਾਰ ਨੂੰ ਸਫਲ ਨਹੀ ਹੋਣ ਦਿੱਤਾ ਜਾਵੇਗਾ। ਕੇਂਦਰ ਸਰਕਾਰ ਆਪਣੇ ਮਨਸੂਬਿਆਂ ਵਿੱਚ ਕਦੇ ਵੀ ਸਫਲ ਨਹੀਂ ਹੋਵੇਗੀ ਅਤੇ ਰਾਸ਼ਨ ਬੰਦ ਕਰਨ ਲਈ ਵਿਸ਼ੇਸ਼ ਤੌਰ ਉਤੇ ਪੰਜਾਬ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਇਸ ਨਾਦਰਸ਼ਾਹੀ ਫੁਰਮਾਨ ਖ਼ਿਲਾਫ਼ ਹਰ ਸੰਘਰਸ਼ ਲਈ ਤਿਆਰ ਹੈ ਅਤੇ ਕਿਸੇ ਵੀ ਲਾਭਪਾਤਰੀ ਦਾ ਕਾਰਡ ਰੱਦ ਨਹੀਂ ਹੋਣ ਦੇਵੇਗੀ।

4161 ਮਾਸਟਰ ਕੇਡਰ ਯੂਨੀਅਨ 31 ਨੂੰ ਗੰਭੀਰਪੁਰ ਵਿਖੇ ਕਰੇਗੀ ਰੋਸ ਪ੍ਰਦਰਸ਼ਨ

ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)- ਸੂਬਾ ਪ੍ਰਧਾਨ ਗੁਰਮੇਲ ਸਿੰਘ ਕੁਲਰੀਆਂ ਨੇ ਰੋਸ ਜਿਤਾਉਂਦਿਆਂ ਕਿਹਾ ਕਿ 4161 ਮਾਸਟਰ ਕੇਡਰ ਯੂਨੀਅਨ ਦੁਆਰਾ ਕਈ ਵਾਰ ਬਦਲੀਆਂ ਨੂੰ ਲੈ ਕੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨਾਲ ਮੀਟਿੰਗ ਕੀਤੀਆਂ ਗਈਆਂ ਸਨ, ਜਿਹਨਾਂ ਮੀਟਿੰਗ ਵਿੱਚ ਸਿੱਖਿਆ ਮੰਤਰੀ ਨੇ ਯੂਨੀਅਨ ਨਾਲ ਵਾਅਦਾ ਕੀਤਾ ਸੀ ਕਿ 2025 ਵਿੱਚ ਖੁੱਲਣ ਵਾਲੀਆਂ ਬਦਲੀਆਂ ਵਿੱਚ 4161 ਮਾਸਟਰ ਕੇਡਰ ਨੂੰ ਮੌਕਾ ਦਿੱਤਾ ਜਾਵੇਗਾ, ਪਰ ਜਦੋਂ ਪਿਛਲੇ ਕੁਝ ਸਮੇ ਤੋਂ ਪੋਰਟਲ ਖੁੱਲ੍ਹਿਆ ਤਾਂ 4161 ਮਾਸਟਰ ਕੇਡਰ ਲਈ ਕੋਈ ਥਾਂ ਨਹੀਂ ਸੀ । ਇਸ ਦੇ ਸਬੰਧ ਵਿੱਚ ਜਦੋਂ ਯੂਨੀਅਨ ਦੇ ਆਗੂਆਂ ਨੇ ਸਿੱਖਿਆ ਵਿਭਾਗ ਨਾਲ ਮੀਟਿੰਗ ਕੀਤੀ ਓਹਨਾ ਸਾਫ ਇਨਕਾਰ ਕਰਦੇ ਕਿਹਾ ਕਿ ਇਸ ਦੇ ਸਬੰਧ ਵਿੱਚ ਸਿੱਖਿਆ ਮੰਤਰੀ ਵਲੋਂ ਕੋਈ ਨੋਟਿਸ ਨਹੀਂ ਮਿਲਿਆ। ਯੂਨੀਅਨ ਦੇ ਆਗੂ ਤੇ ਕੇਡਰ

ਸਿੱਖਿਆ ਮੰਤਰੀ ਨੂੰ ਵਾਅਦਾ ਯਾਦ ਕਰਾਉਣ ਲਈ ਗੰਭੀਰਪੁਰ ਆ ਰਹੇ ਹਨ ਜਾਂ ਫਿਰ ਧਰਨੇ ਤੋਂ ਪਹਿਲਾਂ 4161 ਅਧਿਆਪਕਾਂ ਨੂੰ ਬਦਲੀ 'ਚ ਵਿਸੇਸ ਮੌਕਾ ਦਿੱਤਾ ਜਾਵੇ, ਤਾਂ ਜੋ ਘਰਾਂ ਤੋ ਸੈਂਕੜੇ ਕਿਲੋਮੀਟਰ ਦੂਰ ਬੈਠੇ ਅਧਿਆਪਕ ਆਪਣੀ ਡਿਊਟੀ ਦੇ ਨਾਲ ਨਾਲ ਘਰ ਦੀਆਂ ਜ਼ੁੰਮੇਵਾਰੀਆਂ ਨੂੰ ਵੀ ਸਹੀ ਢੰਗ ਨਾਲ ਨਿਭਾ ਸਕਣ। ਧਰਨੇ ਦੀ ਹਮਾਇਤ ਕਰਦਿਆਂ ਭਰਾਤਰੀ ਜਥੇਬੰਦੀਆਂ ਤੇ ਮਾਸਟਰ ਕੇਡਰ ਯੂਨੀਅਨ ਨੇ ਕਿਹਾ ਕਿ 4161 ਮਾਸਟਰ ਕੇਡਰ ਨੂੰ ਬਦਲੀਆਂ ਦਾ ਮੌਕਾ ਦਿੱਤਾ ਜਾਵੇ। ਜੇਕਰ ਮੌਕਾ ਨਹੀਂ ਦਿੱਤਾ ਜਾਂਦਾ ਤਾਂ ਸੰਘਰਸ਼ ਕਰਨ ਲਈ ਮਜਬੂਰ ਹੋਵਾਂਗੇ ਇਸ ਮੌਕੇ ਮੀਤ ਪ੍ਰਧਾਨ ਬੀਰਇੰਦਰ ਗਿੱਲ, ਰਵਿੰਦਰ ਸਿੰਘ ਵਿੱਤ ਸਕੱਤਰ, ਜਰਨਲ ਸਕੱਤਰ ਮਨਜੀਤ ਲੁਬਾਣਾ, ਬਲਵਿੰਦਰ, ਰੋਹਿਤ, ਮਨਿੰਦਰ ਕੌਰ, ਸੰਨੀ ਰਾਣਾ ਕੁਲਦੀਪ ਸਿੰਘ, ਹਰਪ੍ਰੀਤ ਸਿੰਘ, ਜਤਿੰਦਰ ਢਿੱਲੋਂ, ਅਤੇ ਹੋਰ ਆਗੂ ਹਾਜ਼ਰ ਸਨ।

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਘਰੇਲੂ ਹਿੰਸਾ ਵਿਰੁੱਧ ਜਾਗਰੂਕਤਾ ਮੁਹਿੰਮ

ਨਵਾਂਸ਼ਹਿਰ (ਮਨੋਜ ਲਾਡੀ) ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ ਏ ਐਸ ਨਗਰ ਅਤੇ ਮਾਨਯੋਗ ਜਿਲ੍ਹਾ ਅਤੇ ਸੈਸਨ ਜੱਜ-ਕਮ-ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਸ੍ਰੀਮਤੀ ਪ੍ਰਿਆ ਸੂਦ ਦੀਆਂ ਹਦਾਇਤਾ ਤੇ ਮਾਣਯੋਗ ਸੀ ਜੇ ਐਮ-ਕਮ- ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਡਾ. ਅਮਨਦੀਪ ਦੀ ਅਗਵਾਈ ਹੇਠ 25 ਅਗਸਤ ਨੂੰ ਸਰਕਾਰੀ ਸੀਨੀਅਰ ਸੰਕੈਡਰੀ ਸਕੂਲ, ਮੁਕੰਦਪੁਰ ਵਿਖੇ ਘਰੇਲੂ ਹਿੰਸਾ ਵਿਰੁੱਧ ਜਾਗਰੂਕਤਾ ਮੁਹਿੰਮ ਤਹਿਤ ਭਾਸ਼ਣ ਅਤੇ ਪੇਂਟਿਗ ਮੁਕਾਬਲੇ ਕਰਵਾਏ ਗਏ।ਇਸ ਮੌਕੇ ਸੀ ਜੇ ਐਮ-ਕਮ-ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਡਾ. ਅਮਨਦੀਪ ਜੀਆ ਵੱਲੋ ਭਾਸ਼ਣ ਅਤੇ ਪੇਂਟਿਗ ਮੁਕਾਬਲਿਆ 'ਚ ਪਹਿਲਾ, ਦੂਜਾ ਅਤੇ ਤੀਸਰੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆ ਨੂੰ ਇਨਾਮ ਦਿੱਤੇ ਗਏ।ਇਸ ਮੌਕੇ ਉਹਨ੍ਹਾ ਵੱਲੋਂ ਦੱਸਿਆ ਗਿਆ ਕਿ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ ਏ ਐਸ ਨਗਰ ਦੇ ਦਿਸ਼ਾ ਨਿਰਦੇਸ਼ਾ ਤਹਿਤ 01.08.2025 ਤੋਂ 30.09.2025 ਤੱਕ ਘਰੇਲੂ ਹਿੰਸਾ ਵਿਰੁੱਧ ਜਾਗਰੂਕਤਾ ਮੁਹਿੰਮ ਚਲਾਈ ਗਈ ਹੈ, ਜਿਸ ਤਹਿਤ ਭਾਸ਼ਣ ਅਤੇ ਪੇਂਟਿਗ ਮੁਕਾਬਲੇ ਕਰਵਾਏ ਗਏ।ਇਸ ਤੋਂ ਇਲਾਵਾ ਵਿਦਿਆਰਥੀਆ ਨੂੰ ਸਾਈਬਰ ਅਪਰਾਧ, ਡਿਜੀਟਲ ਧੋਖਾਧੜੀ, ਨੈਸ਼ਨਲ ਲੋਕ ਅਦਾਲਤ ਅਤੇ ਟੋਲ ਫਰੀ ਨੰਬਰ 15100 ਬਾਰੇ ਜਾਗਰੂਕਤ ਕੀਤਾ ਗਿਆ।ਇਸ ਮੌਕੇ ਸਮੂਹ ਸਕੂਲ ਸਟਾਫ, ਪੈਰਾ ਲੀਗਲ ਵਲੰਟੀਅਰਜ਼ ਜਸਵਿੰਦਰ ਸਿੰਘ, ਕ

27 Aug Page 9.qxd 8/26/2025 11:12 PM Page 1

ਕੁਲਵੰਤ ਸਿੰਘ ਵੱਲੋਂ ਵਿਕਾਸ ਕਾਰਜਾਂ ਲਈ 26.74 ਲੱਖ ਦੀ ਗਰਾਂਟ ਦਾ ਐਲਾਨ

ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)- ਵਿਧਾਇਕ ਕੁਲਵੰਤ ਸਿੰਘ ਸੈਕਟਰ -79 ਨੇੜੇ ਪੀ ਐੱਸ ਵੀ ਟਾਵਰ, ਪਾਰਕ ਨੰਬਰ- 12 ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਉਪਰੰਤ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦੇ ਰਹੇ ਸਨ। ਵਿਧਾਇਕ ਕੁਲਵੰਤ ਸਿੰਘ ਨੇ ਅੱਜ ਇਸ ਪਾਰਕ ਦੇ ਵਿਕਾਸ ਕਾਰਜ ਅਤੇ ਚੌਗਿਰਦੇ ਨੂੰ ਹਰਿਆ- ਭਰਿਆ ਰੱਖਣ ਦੇ ਲਈ 26.74 ਲੱਖ ਰੁਪਏ ਦੀ ਗ੍ਰਾਂਟ ਦਾ ਵੀ ਐਲਾਨ ਕੀਤਾ। ਉਹਨਾਂ ਕਿਹਾ ਕਿ ਇਸ ਦੇ ਨਾਲ ਬੱਚਿਆਂ, ਮਹਿਲਾਵਾਂ ਅਤੇ ਖਾਸ ਕਰਕੇ ਬਜ਼ੁਰਗਾਂ ਨੂੰ ਪਾਰਕ ਦੇ ਵਿੱਚ ਬੈਠਣ ਦੇ ਲਈ ਸਾਫ-ਸੁਥਰਾ ਅਤੇ ਵਧੀਆ ਮਾਹੌਲ ਉਪਲਬਧ ਕਰਵਾਇਆ ਜਾਵੇਗਾ, ਤਾਂ ਕਿ ਉਹਨਾਂ ਨੂੰ ਇੱਥੇ ਸੈਰ ਕਰਨ ਦੇ ਵਿੱਚ ਅਤੇ ਬੈਠ ਕੇ ਵਿਚਾਰ ਚਰਚਾ ਕਰਨ ਦੇ ਦੌਰਾਨ ਕਿਸੇ ਦੌਰਾਨ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਵਿਧਾਇਕ ਕੁਲਵੰਤ ਸਿੰਘ ਨੇ ਅੱਜ ਪਾਰਕ ਦੇ ਵਿੱਚ ਪਾਮ ਦੇ ਬੂਟਾ ਲਗਾ ਕੇ ਇਸ ਪਾਰਕ ਨੂੰ ਵਧੇਰੇ ਹਰਿਆ- ਭਰਿਆ ਬਣਾਏ ਜਾਣ ਅਤੇ ਵਾਤਾਵਰਣ ਦੀ ਸਾਂਭ- ਸੰਭਾਲ ਕੀਤੇ ਜਾਣ ਦੀ ਸ਼ੁਰੂਆਤ ਕੀਤੀ। ਕੁਲਵੰਤ ਸਿੰਘ ਨੇ ਕਿਹਾ ਕਿ ਪਾਰਕਾਂ ਦੇ ਵਿਕਾਸ ਦੇ ਚੱਲਦਿਆਂ ਸ਼ਹਿਰ ਦੀ ਸੁੰਦਰਤਾ ਦੇ ਵਿੱਚ ਵੀ ਵਾਧਾ ਹੋਵੇਗਾ। ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਵਾਰਡ ਦੇ ਬਸ਼ਿੰਦਿਆਂ ਦੇ ਵੱਲੋਂ ਕਿਸੇ ਵੀ ਤਰ੍ਹਾਂ ਦੀ ਮੰਗ ਰੱਖੀ ਜਾਵੇਗੀ,

ਉਸ ਨੂੰ ਹਰ ਹੀਲੇ ਪੂਰਾ ਕੀਤਾ ਜਾਵੇਗਾ। ਇਸ ਮੌਕੇ ਤੇ ਪ੍ਰਭਜੋਤ ਕੌਰ- ਚੇਅਰਪਰਸਨ ਜ਼ਿਲ੍ਹਾ ਯੋਜਨਾ ਬੋਰਡ ਮੁਹਾਲੀ, ਕੁਲਦੀਪ ਸਿੰਘ ਸਮਾਣਾ, ਡਾਕਟਰ ਕੁਲਦੀਪ ਸਿੰਘ, ਚਰਨਜੀਤ ਕੌਰ, ਹਰਮੇਸ਼ ਕੁੰਬੜਾ, ਅਵਤਾਰ ਸਿੰਘ ਮੋਲੀ, ਸਤਿੰਦਰ ਮਿੱਠੂ, ਜਸਪਾਲ ਸਿੰਘ- ਮਟੋਰ, ਅਕਵਿੰਦਰ ਸਿੰਘ ਗੋਸਲ, ਬਲਜੀਤ ਹੈਪੀ ਵੀ ਹਾਜ਼ਰ ਸਨ।

'ਕਾਲਜ ਕੇ ਟਸ਼ਨਬਾਜ਼' ਪ੍ਰੋਗਰਾਮ ਕਰਵਾਇਆ

ਡੇਰਾ ਬੱਸੀ (ਵਿਨੈ ਕੁਮਾਰ ਜੈਨ) ਸੁਖਮਨੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਡੇਰਾ ਬੱਸੀ (ਐਸ ਐਸ ਜੀ ਆਈ) ਨੇ ਰੈਡ ਐਫ ਐਮ 93.5 ਦੇ ਸਹਿਯੋਗ ਨਾਲ ਦਿਲਚਸਪ 'ਕਾਲਜ ਕੇ ਟਸ਼ਨਬਾਜ਼' ਪ੍ਰੋਗਰਾਮ ਦੀ ਸਫਲਤਾਪੂਰਵਕ ਮੇਜ਼ਬਾਨੀ ਕੀਤੀ, ਜਿਸ ਨਾਲ ਇਸਦੇ ਵਿਦਿਆਰਥੀਆਂ ਅਤੇ ਫੈਕਲਟੀ ਲਈ ਸੰਗੀਤ, ਮੌਜ-ਮਸਤੀ ਅਤੇ ਮਨੋਰੰਜਨ ਦਾ ਇੱਕ ਅਭੁੱਲ ਅਨੁਭਵ ਆਇਆ। ਇਸ ਪ੍ਰੋਗਰਾਮ ਨੇ ਕੈਂਪਸ ਵਿੱਚ ਇੱਕ ਜੀਵੰਤ ਮਾਹੌਲ ਬਣਾਇਆ ਕਿਉਂਕਿ ਭਾਗੀਦਾਰਾਂ ਨੇ ਉਤਸ਼ਾਹੀ ਦਰਸ਼ਕਾਂ ਦੇ ਸਾਹਮਣੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। 'ਕਾਲਜ ਕੇ ਟਸ਼ਨਬਾਜ਼', ਇੱਕ ਪ੍ਰਸਿੱਧ ਰੈਂਡ ਐਫ ਐਮ ਪਹਿਲਕਦਮੀ, ਆਪਣੇ ਜੀਵੰਤ ਪਰਸਪਰ ਪ੍ਰਭਾਵ, ਦਿਲਚਸਪ ਮੁਕਾਬਲਿਆਂ ਅਤੇ ਨੌਜਵਾਨ ਊਰਜਾ ਦੇ ਜਸ਼ਨ ਲਈ ਜਾਣੀ ਜਾਂਦੀ ਹੈ।ਪ੍ਰਸਿੱਧ ਆਰ ਜੇ ਐਸ ਆਰ ਜੇ ਦੀਕਸ਼ਾ ਅਤੇ ਆਰ ਜੇ ਕਰਨ ਪ੍ਰੋਗਰਾਮ ਦੀ ਮੇਜ਼ਬਾਨੀ ਕਰਨ ਲਈ ਮੌਜੂਦ ਸਨ, ਦਰਸ਼ਕਾਂ ਅਤੇ ਭਾਗੀਦਾਰਾਂ ਨੂੰ ਸ਼ਾਮਲ ਕਰਦੇ ਹੋਏ।ਵਿਦਿਆਰਥੀਆਂ ਨੇ ਗਾਇਨ, ਨੱਚਣ, ਸਟੈਂਡ-ਅੱਪ ਕਾਮੇਡੀ ਅਤੇ ਸ਼ੇਰ-ਓ-ਸ਼ਾਇਰੀ ਵਿੱਚ ਆਪਣੇ ਪ੍ਰਦਰਸ਼ਨ ਨਾਲ ਦਰਸ਼ਕਾਂ ਨੂੰ ਹੈਰਾਨ ਕਰ ਦਿੱਤਾ। 'ਕਾਲਜ ਕੇ ਟਸ਼ਨਬਾਜ਼' ਖਿਤਾਬ ਦਾ ਜੇਤੂ ਅਮੇਸ ਸੀ,

ਜੋ ਕਿ ਬੀ ਫਾਰਮੇਸੀ ਦਾ ਵਿਦਿਆਰਥੀ ਸੀ, ਜਿਸਨੇ ਆਪਣੀ ਪ੍ਰਭਾਵਸ਼ਾਲੀ ਗਾਇਕੀ ਪ੍ਰਤਿਭਾ ਨਾਲ ਜੱਜਾਂ ਨੂੰ ਪ੍ਰਭਾਵਿਤ ਕੀਤਾ।ਇਸ ਸਮਾਗਮ ਬਾਰੇ ਬੋਲਦਿਆਂ, ਡਾ. ਦਮਨਜੀਤ ਸਿੰਘ ਡਾਇਰੈਕਟਰ ਐਸਐਸਜੀਆਈ ਨੇ ਕਿਹਾ ਕਿ ਐਸ ਐਸ ਜੀ ਆਈ ਵਿਖੇ, ਅਸੀਂ ਹਮੇਸ਼ਾ ਅਜਿਹੇ ਮੌਕੇ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦੇ ਹਾਂ ਜੋ ਸਾਡੇ ਵਿਦਿਆਰਥੀਆਂ ਦੇ ਸਮੁੱਚੇ ਵਿਕਾਸ ਨੂੰ ਵਧਾਉਂਦੇ ਹਨ। ਰੈਂਡ ਐਫਐਮ 93.5 ਨਾਲ ਸਹਿਯੋਗ ਕਰਨਾ ਇੱਕ ਸ਼ਾਨਦਾਰ ਅਨੁਭਵ ਰਿਹਾ ਹੈ।

ਸਾਥੀ ਵੇਦ ਪ੍ਰਕਾਸ਼ ਨੂੰ ਦਿੱਤੀ ਸ਼ਰਧਾਂਜਲੀ

ਗੁਰਾਇਆ (ਬਿੰਦਰ ਸੁਮਨ)- ਪੀ.ਡਬਲਯੂ.ਡੀ.ਫੀਲਡ ਔਂਡ ਵਰਕਰਜ਼ ਯੂਨੀਅਨ ਪੰਜਾਬ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸਾਬਕਾ ਸੂਬਾ ਜਨਰਲ ਸਕੱਤਰ,ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ ਫੈਡਰੇਸ਼ਨ ਦੇ ਵਾਈਸ ਚੇਅਰਮੈਨ,ਆਲ ਇੰਡੀਆ ਸਟੇਟ ਗੌਰਮਿੰਟ ਪੈਨਸ਼ਨਰਜ਼ ਫੈਡਰੇਸ਼ਨ ਦੇ ਵਾਈਸ ਪ੍ਰਧਾਨ ਅਤੇ ਮੁਲਾਜ਼ਮ ਲਹਿਰ ਦੇ ਮੁੱਖ ਸੰਪਾਦਕ ਰਹੇ ਸਾਥੀ ਵੇਦ ਪ੍ਰਕਾਸ਼ ਨੂੰ ਉਹਨਾਂ ਦੀ ਪਹਿਲੀ ਬਰਸੀ ਮੌਕੇ 'ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਜ਼ਿਲ੍ਹਾ ਜਲੰਧਰ ਵੱਲੋਂ ਬਲਵੀਰ ਸਿੰਘ ਦੀ ਪ੍ਰਧਾਨਗੀ ਹੇਠ ਗੁਰਾਇਆ ਵਿਖੇ ਯਾਦ ਕਰਦੇ ਹੋਏ ਸ਼ਰਧਾਂਜਲੀ ਭੇਟ ਕਰਦੇ ਹੋਏ ਪ ਸ ਸ ਫ ਦੇ ਸੂਬਾ ਜਨਰਲ ਸਕੱਤਰ ਅਤੇ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਦੀ ਕੌਮੀ ਕਾਰਜਕਾਰਨੀ ਦੇ ਮੈਂਬਰ ਤੀਰਥ ਸਿੰਘ ਬਾਸੀ ਅਤੇ ਪੈਨਸ਼ਨਰ ਆਗੂ ਤਾਰਾ ਸਿੰਘ ਬੀਕਾ ਨੇ ਕਿਹਾ ਕਿ ਨੌਕਰੀ ਦੇ ਸ਼ੁਰੂਆਤੀ ਦਿਨਾਂ ਤੋਂ ਲੈ ਕੇ ਜ਼ਿੰਦਗੀ ਦੇ ਆਖ਼ਰੀ ਪਲਾਂ ਤੱਕ ਸਾਥੀ ਵੇਦ ਪ੍ਰਕਾਸ਼ ਨੇ ਹਰ ਵਰਗ ਦੇ ਮੁਲਾਜ਼ਮਾਂ ਨੂੰ ਜਥੇਬੰਦ ਕਰਨ ਅਤੇ ਜਥੇਬੰਦੀਆਂ ਬਣਾ ਕੇ ਸੰਘਰਸ਼ਾਂ ਦੇ ਰਾਹ ਤੋਰਨ ਦਾ ਬਹੁਤ ਹੀ

ਵੱਡਮੁੱਲਾ ਕਾਰਜ ਕੀਤਾ। ਸਿਹਤ ਪੂਰੀ ਤਰ੍ਹਾਂ ਠੀਕ ਨਾ ਹੋਣ ਦੇ ਬਾਵਜੂਦ ਵੀ ਪੰਜਾਬ ਦੇ ਸੰਘਰਸ਼ਸ਼ੀਲ ਲੋਕਾਂ ਦੀ ਆਵਾਜ਼ ਮੈਗਜ਼ੀਨ ਮੁਲਾਜ਼ਮ ਲਹਿਰ ਦੇ ਮੁੱਖ ਸੰਪਾਦਕ ਦੇ ਫ਼ਰਜ਼ ਬਾਖੂਬੀ ਨਿਭਾਉਂਦੇ ਰਹੇ ਅਤੇ ਪੰਜਾਬ ਸਰਕਾਰ ਦੇ ਪੈਨਸ਼ਨਰਾਂ ਦੀ ਜੁਝਾਰੂ ਜਥੇਬੰਦੀ ਬਣਾਉਣ ਲਈ ਵੀ ਲਗਾਤਾਰ ਯਤਨਸ਼ੀਲ ਰਹੇ। ਬਾਸੀ ਅਤੇ ਬੀਕਾ ਨੇ ਸਾਥੀਆਂ ਨੂੰ ਕਿਹਾ ਕਿ ਸਾਥੀ ਵੇਦ ਪ੍ਰਕਾਸ਼ ਨੂੰ ਉਹਨਾਂ ਦੀ ਪਹਿਲੀ ਬਰਸੀ ਦੇ ਮੌਕੇ 'ਤੇ ਸੱਚੀ ਸੁੱਚੀ ਸ਼ਰਧਾਂਜਲੀ ਇਹੋ ਹੀ ਹੋ ਸਕਦੀ ਹੈ ਉਹਨਾਂ ਦੇ ਅਧੂਰੇ ਕਾਰਜਾਂ ਨੂੰ ਪੂਰਾ ਕਰਨ ਲਈ ਸਮੂਹ ਵਰਗਾਂ ਦੇ ਕਿਰਤੀਆਂ ਨੂੰ ਜਥੇਬੰਦ ਕਰੀਏ ਅਤੇ ਹੱਕਾਂ ਹਿੱਤਾਂ ਦੀ ਪੂਰਤੀ ਕਰਨ ਲਈ ਉਹਨਾਂ ਨੂੰ ਸੰਘਰਸ਼ਸ਼ੀਲ ਕਰੀਏ। ਇਸ ਸਮੇਂ ਹੋਰਨਾਂ ਤੋਂ ਇਲਾਵਾ ਤੀਰਥ ਸਿੰਘ ਬਾਸੀ, ਤਾਰਾ ਸਿੰਘ ਬੀਕਾ, ਸਤਪਾਲ ਮਹਿਮੀ, ਓਮ ਪ੍ਰਕਾਸ਼, ਬਲਵੀਰ ਸਿੰਘ, ਰਤਨ ਸਿੰਘ, ਸਰਬਜੀਤ ਕੁਮਾਰ, ਮਨਦੀਪ ਸਿੰਘ, ਸੂਰਜ ਕੁਮਾਰ, ਹਰੀ ਰਾਮ, ਬਲਜੀਤ ਮਾਹਲ, ਅਸ਼ੋਕ ਕੁਮਾਰ ਆਦਿ ਜੁਝਾਰੂ ਸਾਥੀ ਹਾਜ਼ਰ ਹੋਏ।

ਜੈਕਾਰਿਆਂ ਦੀ ਗੁੰਜ ਨਾਲ ਸਮਾਪਤ ਗੱਤਕਾ ਚੈਂਪੀਅਨਸ਼ਿਪ 2025

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ) ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਹੀਦੀ ਪੁਰਬ ਨੂੰ ਸਮਰਪਿਤ ਪੰਜਾਬ ਗਤਕਾ ਐਸੋਸੀਏਸ਼ਨ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਤਿੰਨ ਰੋਜ਼ਾ ਦਸਵੀਂ ਪੰਜਾਬ ਰਾਜ ਸਭ - ਜੂਨੀਅਰ , ਜੂਨੀਅਰ ਗਤਕਾ ਚੈਂਪੀਅਨਸ਼ਿਪ ਸ੍ਰੀ ਆਨੰਦਪੁਰ ਸਾਹਿਬ ਦੇ ਦੀਵਾਨ ਹਾਲ ਵਿਖੇ ਕਰਵਾਈ ਗਈ। ਇਸ ਚੈਂਪੀਅਨਸ਼ਿਪ ਦੇ ਵਿੱਚ ਪੰਜਾਬ ਭਰ ਤੋਂ ਜਿੱਥੇ 758 ਖਿਡਾਰੀਆਂ ਨੇ ਭਾਗ ਲਿਆ ਉੱਥੇ ਹੀ 40 ਮੈਂਬਰੀ ਰੈਫਰੀ ਕੌਂਸਲ ਨੇ ਬਾਖੂਬੀ ਮੈਚ ਕਰਵਾਏ । ਇਸ ਚੈਂਪੀਅਨਸ਼ਿਪ ਦੇ ਆਖਰੀ ਦਿਨ ਸ.ਹਰਚਰਨ ਸਿੰਘ ਭੁੱਲਰ ਪ੍ਰਧਾਨ ਗਤਕਾ ਫੈਡਰੇਸ਼ਨ ਆਫ ਇੰਡੀਆ, ਮੁੱਖ ਮਹਿਮਾਨ ਦੇ ਤੌਰ ਤੇ ਪਹੁੰਚੇ ਅਤੇ ਜੇਤੂ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਕੀਤੀ।ਇਸ ਮੌਕੇ ਬੋਲਦਿਆਂ ਉਹਨਾਂ ਨੇ ਕਿਹਾ ਕਿ ਗਤਕਾ ਖੇਡ ਨੂੰ ਵਿਸ਼ਵ ਪੱਧਰ ਤੱਕ ਲੈ ਕੇ ਜਾਣਾ ਅਤੇ ਖਿਡਾਰੀਆਂ ਨੂੰ ਅੰਤਰਰਾਸ਼ਟਰੀ ਪੱਧਰ ਦੀਆਂ ਸਹੂਲਤਾਂ ਦੇਣਾ ਗਤਕਾ ਫੈਡਰੇਸ਼ਨ ਆਫ ਇੰਡੀਆ ਦਾ ਮੁੱਖ ਮਕਸਦ ਹੈ। ਇਸ ਮੌਕੇ ਪੰਜਾਬ ਗਤਕਾ ਐਸੋਸੀਏਸ਼ਨ ਦੇ ਪ੍ਰਧਾਨ ਡਾ. ਰਜਿੰਦਰ ਸਿੰਘ ਸੋਹਲ ਨੇ ਕਿਹਾ ਕਿ ਸਾਲ ਦਰ ਸਾਲ ਪੰਜਾਬ ਗਤਕਾ ਐਸੋਸੀਏਸ਼ਨ ਨਵੀਆਂ ਪੁਲਾਂਘਾ ਪੁੱਟ ਰਹੀ ਹੈ ਅਤੇ ਖਿਡਾਰੀਆਂ , ਕੋਚਾਂ ਅਤੇ ਰੈਫਰੀਆਂ ਦੇ ਸੁਧਾਰ ਲਈ ਕੰਮ ਕਰ ਰਹੀ ਹੈ । ਇਨਾਮ ਵੰਡ ਸਮਾਰੋਹ ਦੇ ਵਿੱਚ ਸ਼੍ਰੋਮਣੀ

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚਾਵਲਾ ਸਾਹਿਬ ਵਿਸ਼ੇਸ਼ ਮਹਿਮਾਨ ਦੇ ਰੂਪ ਵਿੱਚ ਪਹੁੰਚੇ। ਚੈਂਪੀਅਨਸ਼ਿਪ ਸਬੰਧੀ ਜਾਣਕਾਰੀ ਦਿੰਦੇ ਹੋਏ ਪੰਜਾਬ ਗਤਕਾ ਐਸੋਸੀਏਸ਼ਨ ਦੇ ਜਨਰਲ ਸਕੱਤਰ ਸ .ਬਲਜਿੰਦਰ ਸਿੰਘ ਤੂਰ ਨੇ ਕਿਹਾ ਕਿ ਪੰਜਾਬ ਭਰ ਦੇ ਸਾਰੇ ਜਿਲ੍ਹਿਆਂ ਤੋਂ 758 ਖਿਡਾਰੀਆਂ ਨੇ ਭਾਗ ਲਿਆ ਸੀ ਅਤੇ ਅੰਡਰ - 11, ਅੰਡਰ -14 ,ਅੰਡਰ-17 ਉਮਰ ਵਰਗ ਦੇ ਮੁਕਾਬਲੇ ਕਰਵਾਏ ਗਏ। ਤਿੰਨ ਦਿਨ ਚੱਲੇ ਇਹਨਾਂ ਮੁਕਾਬਲਿਆਂ ਦੇ ਵਿੱਚ ਸਭ ਜੂਨੀਅਰ ਕੈਟਾਗਰੀ ਦੇ ਵਿੱਚ ਲੁਧਿਆਣੇ ਨੇ 39 ਅੰਕਾਂ ਦੇ ਨਾਲ ਓਵਰਆਲ ਪਹਿਲਾ ਸਥਾਨ ਹਾਸਿਲ ਕੀਤਾ। ਮੁਕਤਸਰ ਨੇ 22 ਅੰਕਾਂ ਨਾਲ ਦੂਜਾ ਸਥਾਨ ਅਤੇ ਮੋਹਾਲੀ ਨੇ 17 ਅੰਕਾਂ ਨਾਲ ਤੀਸਰਾ ਸਥਾਨ ਹਾਸਿਲ ਕੀਤਾ । ਇਸੇ ਤਰ੍ਹਾਂ ਜੂਨੀਅਰ ਵਰਗ ਦੇ ਮੁਕਾਬਲਿਆਂ ਦੇ ਵਿੱਚ ਲੁਧਿਆਣੇ ਨੇ 102 ਅੰਕਾਂ ਦੇ ਨਾਲ ਪਹਿਲੇ ਸਥਾਨ ਤੇ ਕਬਜ਼ਾ ਕੀਤਾ ,ਬਠਿੰਡਾ ਨੇ 72 ਅੰਕਾਂ ਦੇ ਨਾਲ ਦੂਜੇ ਅਤੇ ਮੁਕਤਸਰ ਸਾਹਿਬ ਨੇ 32 ਅੰਕਾਂ ਦੇ ਨਾਲ ਤੀਸਰਾ ਸਥਾਨ ਹਾਸਿਲ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਂਬਰ ਸ਼੍ਰੋਮਣੀ ਕਮੇਟੀ ਭਾਈ ਅਮਰਜੀਤ ਸਿੰਘ ਚਾਵਲਾ, ਪਰਮਜੀਤ ਸਿੰਘ ਮੱਕੜ,ਤਖਤ ਸ੍ਰੀ ਕੇਸਗੜ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ ,ਮੈਨੇਜਰ ਹਰਦੇਵ ਸਿੰਘ, ਪਰਮਜੀਤ ਸਿੰਘ ਮੱਕੜ, ਜਗਸੀਰ ਸਿੰਘ ਪ੍ਰਧਾਨ ਚੰਡੀਗੜ੍ਹ ਗਤਕਾ ਐਸੋਸੀਏਸ਼ਨ , ਡੀ.ਐਸ.ਪੀ ਕੁਲਭੂਸ਼ਨ ਸਿੰਘ, ਅਕਵਿੰਦਰ ਸਿੰਘ ਗੋਸਲ, ਜਗਤਾਰ ਸਿੰਘ ਜੱਗੀ, ਗੁਰਸ਼ਰਨ ਸਿੰਘ ਬਿੱਟੂ, ਜਸਪਾਲ ਸਿੰਘ ਸੰਗਰੂਰ, ਜਸਵਿੰਦਰ ਸਿੰਘ ਪਾਬਲਾ , ਰਘਵੀਰ ਸਿੰਘ, ਰਾਜਵੀਰ ਸਿੰਘ , ਤਲਵਿੰਦਰ ਸਿੰਘ, ਹਰਜਿੰਦਰ ਸਿੰਘ ,ਹਰਮਨਜੋਤ ਸਿੰਘ, ਬਹਾਦਰ ਸਿੰਘ , ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

ਉਦਯੋਗ ਤੇ ਵਣਜ ਮੰਤਰੀ ਅਰੋੜਾ ਨੇ ਮੋਹਾਲੀ ਹਾਈਟੈਕ ਮੈਟਲ ਕਲੱਸਟਰ ਦਾ ਦੌਰਾ ਕੀਤਾ

ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ) - ਪੰਜਾਬ ਦੇ ਉਦਯੋਗ ਅਤੇ ਵਣਜ, ਨਿਵੇਸ਼ ਪ੍ਰੋਤਸ਼ਾਹਨ ਅਤੇ ਬਿਜਲੀ ਮੰਤਰੀ ਸੰਜੀਵ ਅਰੋੜਾ ਨੇ ਮੋਹਾਲੀ ਹਾਈਟੈਕ ਮੈਟਲ ਕਲੱਸਟਰ ਦਾ ਦੌਰਾ ਕੀਤਾ ਅਤੇ ਇਸ ਦੇ ਕੰਮਕਾਜ਼ ਦਾ ਜਾਇਜ਼ਾ ਲਿਆ। ਲਾਭਪਾਤਰੀ ਸਨਅਤੀ ਯੂਨਿਟਾਂ ਨਾਲ ਗੱਲਬਾਤ ਕਰਦੇ ਹੋਏ, ਮੰਤਰੀ ਨੇ ਕਿਹਾ ਕਿ, ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਵਿਜ਼ਨ ਦੇ ਅਨੁਸਾਰ, ਪੰਜਾਬ ਸਰਕਾਰ ਹਰ ਸੰਭਵ ਸਹਾਇਤਾ ਦੇ ਕੇ ਉਦਯੋਗਿਕ ਵਾਤਾਵਰਣ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਨੇ ਇਸ ਸਹੂਲਤ ਨੂੰ ਸਫਲਤਾਪੂਰਵਕ ਚਲਾਉਣ ਲਈ ਕਲੱਸਟਰ ਦੇ ਪ੍ਰਬੰਧਨ ਦੀ ਸ਼ਲਾਘਾ ਕੀਤੀ, ਜੋ ਬਾਥਰੂਮ ਫਿਟਿੰਗ ਦੇ ਨਿਰਮਾਣ ਵਿੱਚ ਲੱਗੇ ਲਗਭਗ 80 ਐੱਮ ਉਨ੍ਹਾ ਭਰੋਸਾ ਦਿੱਤਾ ਕਿ ਪ੍ਰਬੰਧਨ ਦੁਆਰਾ ਉਠਾਏ ਗਏ ਮੁੱਦਿਆਂ ਜਿਵੇਂ ਕਿ ਪੀ ਐਸ ਆਈ ਈ ਸੀ ਨੂੰ ਉਦਯੋਗਿਕ ਇਕਾਈਆਂ ਦੇ ਯੋਗਦਾਨ ਦੀ ਲੰਬਿਤ ਆਖਰੀ ਕਿਸ਼ਤ ਬਾਰੇ ਫੈਸਲਾ ਕਰਨਾ, ਅਹਾਤੇ ਦੇ ਅੰਦਰ 66 ਕੇ ਵੀ ਏ ਹਾਈ ਟੈਂਸ਼ਨ ਟਾਵਰ ਨੂੰ ਹਟਾਉਣਾ ਜੋ ਹੋਰ ਵਿਸਥਾਰ ਵਿੱਚ ਰੁਕਾਵਟ ਬਣ ਰਿਹਾ ਹੈ ਅਤੇ ਹੁਨਰਮੰਦ ਮਨੁੱਖੀ ਸ਼ਕਤੀ ਪ੍ਰਦਾਨ ਕਰਨ ਲਈ ਮੋਹਾਲੀ ਹੁਨਰ ਵਿਕਾਸ ਕੇਂਦਰ ਦਾ ਸੰਚਾਲਨ ਨੂੰ ਸਬੰਧਤ ਅਧਿਕਾਰੀਆਂ ਨਾਲ ਪਹਿਲ ਦੇ ਆਧਾਰ ਤੇ ਵਿਚਾਰਿਆ ਜਾਵੇਗਾ। ਮੰਤਰੀ ਦੇ ਨਾਲ ਪ੍ਰਮੁੱਖ ਸਕੱਤਰ, ਉਦਯੋਗ ਅਤੇ ਵਣਜ, ਸ਼੍ਰੀ ਕੇ.ਕੇ. ਯਾਦਵ; ਡਾਇਰੈਕਟਰ ਸ਼੍ਰੀਮਤੀ ਸੁਰਭੀ ਮਲਿਕ; ਪੰਜਾਬ ਡਿਵੈਲਪਮੈਂਟ ਕਮਿਸ਼ਨ ਦੇ ਮੈਂਬਰ ਸ਼੍ਰੀ ਵੈਭਵ ਮਹੇਸ਼ਵਰੀ

ਅਤੇ ਡਿਪਟੀ ਕਮਿਸ਼ਨਰ ਐਸ ਏਨਐਸ ਨਗਰ, ਸ਼੍ਰੀਮਤੀ ਕੋਮਲ ਮਿੱਤਲ ਵੀ ਸਨ। ਇਸ ਮੌਕੇ ਮੌਜੂਦਾ ਸਥਾਨਕ ਪ੍ਰਬੰਧਕ ਅਤੇ ਉਦਯੋਗਿਕ ਇਕਾਈਆਂ ਦੇ ਪ੍ਰਮੁੱਖ ਮੈਂਬਰਾਂ ਵਿੱਚ ਸ੍ਰੀ ਬੀ.ਐੱਸ.ਆਨੰਦ, ਸ੍ਰੀ ਕੰਵਲਜੀਤ ਸਿੰਘ ਮਹਾਲ, ਸ੍ਰੀ ਨਵਜੋਤ ਸਿੰਘ ਔਲਖ, ਸ੍ਰੀ ਗੁਰਮੀਤ ਸਿੰਘ ਭਾਟੀਆ, ਸ੍ਰੀ ਸੰਜੀਵ ਸਿੰਘ ਸੇਠੀ, ਸ੍ਰੀ ਸਮੀਰ ਕਪੂਰ ਅਤੇ ਸ੍ਰੀ ਰੁਪਿੰਦਰ ਸਿੰਘ ਸਚਦੇਵਾ ਸ਼ਾਮਲ ਸਨ।

ਭਾਖੜਾ ਡੈਮ 'ਚ ਪਾਣੀ ਖ਼ਤਰੇ ਦੇ ਨਿਸ਼ਾਨ ਤੋਂ ਸਿਰਫ਼ 11 ਫੁੱਟ ਘੱਟ

ਨੰਗਲ (ਸੁਰਜੀਤ ਸਿੰਘ)- ਭਾਖੜਾ ਡੈਮ ਦੀ ਗੋਬਿੰਦ ਸਾਗਰ ਝੀਲ ਵਿੱਚ ਪਾਣੀ ਦਾ ਪੱਧਰ ਲਗਾਤਾਰ ਵੱਧਦਾ ਜਾ ਰਿਹਾ ਹੈ।ਜੋ ਕਿ ਖ਼ਤਰੇ ਦੇ ਨਿਸ਼ਾਨ ਤੋਂ ਸਿਰਫ਼ 11 ਫੁੱਟ ਘੱਟ ਹੈ। ਪਾਣੀ ਦੀ ਆਮਦ ਨੂੰ ਦੇਖਦੇ ਹੋਏ ਬੀ ਬੀ ਐਮ ਬੀ ਨੇ ਦੋ ਫੁੱਟ ਫਲੱਡ ਗੇਟ ਖੋਲੇ ਹੋਏ ਹਨ। ਪਾਣੀ ਦਾ ਪੱਧਰ 1669 ਫੁੱਟ ਤੱਕ ਪਹੁੰਚ ਗਿਆ ਹੈ। ਗੋਬਿੰਦ ਸਾਗਰ ਝੀਲ ਵਿੱਚ 64811 ਕਿਊਸਿਕ ਪਾਣੀ ਆ

27-AUG-PAGE-10.qxd 8/26/2025 10:48 PM Page 1

ਗੌਰਵ ਸ਼ਰਮਾ ਨੇ ਪਾਵਰ ਲਿਫ਼ਟਿੰਗ 'ਚ ਸੋਨ ਤਮਗ਼ਾ ਜਿੱਤਿਆ

ਦੋਰਾਹਾ (ਹਰਮਿੰਦਰ ਸੇਠ)-ਬੀਤੇ ਦਿਨੀਂ ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਵਿਦਿਆਰਥੀ ਗੌਰਵ ਸ਼ਰਮਾ ਕਲਾਸ ਬੀ. ਏ. ਭਾਗ ਪਹਿਲਾ ਨੇ ਪਾਵਰ ਲਿਫ਼ਟਿੰਗ ਵਿੱਚ ਸੋਨ ਤਮਗ਼ਾ ਹਾਸਲ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ।ਇਹ ਜਾਣਕਾਰੀ ਦਿੰਦਿਆਂ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਡਾ. ਨਿਰਲੇਪ ਕੌਰ ਨੇ ਦੱਸਿਆ ਕਿ ਗੌਰਵ ਸ਼ਰਮਾ ਨੇ ਜੈਪੁਰ, ਰਾਜਸਥਾਨ ਵਿਖੇ ਹੋਈ ਪਾਵਰ ਲਿਫਟਿੰਗ ਅੰਤਰਰਾਸ਼ਟਰੀ ਚੈਂਪੀਅਨਸ਼ਿਪ ਵਿੱਚ 75 ਕਿੱਲੋ ਭਾਰ-ਵਰਗ ਵਿੱਚ ਕੁੱਲ 175 ਕਿਲੋਗ੍ਰਾਮ ਭਾਰ ਚੁੱਕਦੇ ਹੋਏ ਪਹਿਲਾ ਸਥਾਨ ਹਾਸਲ ਕਰਦਿਆਂ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਭਾਗ ਲੈਣ ਲਈ ਸਥਾਨ ਬਣਾਇਆ ਤੇ ਅੱਗੋਂ ਨਵੰਬਰ 2025 ਵਿੱਚ ਸਿੰਘਾਪੁਰ ਤੇ ਜਨਵਰੀ 2026 ਵਿੱਚ ਥਾਈਲੈਂਡ ਵਿੱਚ ਹੋਣ ਵਾਲੀ ਪਾਵਰ ਲਿਫਟਿੰਗ ਚੈਂਪੀਅਨਸ਼ਿਪ ਵਿੱਚ ਭਾਗ ਲੈਣ ਵਾਸਤੇ ਚੁਣਿਆ ਗਿਆ ਹੈ।ਇਸ ਸ਼ਾਨਦਾਰ ਪ੍ਰਾਪਤੀ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ, ਐਗਜ਼ੀਕਿਊਟਿਵ ਮੈਂਬਰ ਰੁਪਿੰਦਰ ਕੌਰ ਬਰਾੜ, ਅਹੁਦੇਦਾਰਾਂ, ਮੈਂਬਰ ਸਾਹਿਬਾਨ ਤੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਸਰੀਰਕ ਸਿੱਖਿਆ ਵਿਭਾਗ ਦੀ ਸਮੁੱਚੀ ਟੀਮ ਨੂੰ ਮੁਬਾਰਕਬਾਦ ਦਿੱਤੀ।

ਪ੍ਰਕਾਸ਼ ਪੁਰਬ ਨੂੰ ਸਮਰਪਿਤ ਕੀਰਤਨ ਦਰਬਾਰ ਕਰਵਾਇਆ

ਬੁਢਲਾਡਾ (ਅਸ਼ੋਕ ਲਾਕੜਾ)-ਜੁਗੋ-ਜੁਗ ਅਟੱਲ ਧੰਨ-ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਤ ਗੁਰਦੁਆਰਾ ਸਾਹਿਬ ਭਾਈ ਜਗਤਾ ਜੀ ਮੁਹੱਲਾ ਧਰਮਪੁਰਾ ਬੁਢਲਾਡਾ ਵਿਖੇ ਤਿੰਨ ਰੋਜ਼ਾ ਸਾਲਾਨਾ ਗੁਰਮਤਿ ਸਮਾਗਮ ਕਰਵਾਇਆ ਗਿਆ।ਇਸ ਮੌਕੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਗੁਰਦੁਆਰਾ ਭਾਈ ਜਗਤਾ ਜੀ ਵਿਖੇ ਇਸ ਤਿੰਨ ਰੋਜ਼ਾ ਰਾਤ ਦੇ ਹੋਏ ਕੀਰਤਨ ਦਰਬਾਰ ਵਿੱਚ ਭਾਈ ਜਬਰਤੋੜ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਾਲੇ, ਭਾਈ ਗੁਰਸੇਵਕ ਸਿੰਘ ਸੱਚੀ ਮੰਜੀ ਸੈਦੇਵਾਲਾ ਵਾਲੇ, ਗੁਰਦੁਆਰਾ ਸਾਹਿਬ ਭਾਈ ਜਗਤਾ ਜੀ ਦੇ ਹਜ਼ੂਰੀ ਰਾਗੀ ਜਥਾ ਭਾਈ ਸਰਵਣ ਸਿੰਘ ਤੇ ਭਾਈ ਅਵਤਾਰ ਸਿੰਘ ਦੇ ਰਾਗੀ ਜਥਿਆਂ ਨੇ ਮਨੋਹਰ ਗੁਰਬਾਣੀ ਕੀਰਤਨ ਰਾਹੀਂ ਗੁਰੂ ਜਸ ਸਰਵਣ ਕਰਵਾ ਕੇ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਉਨ੍ਹਾਂ ਦੱਸਿਆ ਕਿ ਸਾਨੂੰ ਗੁਰਬਾਣੀ ਕੀਰਤਨ ਨਾਲ ਜੁੜ ਕੇ ਗੁਰੂ ਜੀ ਦੇ ਦਰਸਾਏ ਸੱਚ ਦੇ ਮਾਰਗ 'ਤੇ ਚੱਲਣਾ ਚਾਹੀਦਾ ਹੈ ਤੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਸਿੰਘ ਸਜ ਤੇ ਬਾਣੀ ਵਾਣੇ ਦੇ ਧਾਰਨੀ ਹੋ ਕੇ ਸਿੰਘ ਸੱਜਣ ਲਈ ਪ੍ਰੇਰਿਆ।ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਸਪ੍ਰੀਤ ਸਿੰਘ, ਸੁਖਵਿੰਦਰ ਸਿੰਘ ਮਨੀ, ਸਰਵਣ ਸਿੰਘ, ਅਵਤਾਰ ਸਿੰਘ, ਜੋਗਿੰਦਰ ਸਿੰਘ, ਹਰਭਜਨ ਸਿੰਘ, ਅਮਰਜੀਤ ਸਿੰਘ, ਡਾਕਟਰ ਚਤਰ ਸਿੰਘ, ਜੋਗਿੰਦਰ ਸਿੰਘ ਸਮੇਤ ਸਮੂਹ ਸੰਗਤ ਨੇ ਗੁਰਬਾਣੀ ਕੀਰਤਨ ਦਾ ਆਨੰਦ ਮਾਣਿਆ ਤੇ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ।

ਗੁਰੂਸਰ ਦੇ ਸਕੂਲ 'ਚ ਚੇਅਰਮੈਨ ਕਾਉਣੀ ਵੱਲੋਂ ਆਰ.ਓ. ਸਿਸਟਮ ਦਾ ਉਦਘਾਟਨ

ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੁਰੂਸਰ ਵਿਖੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸ. ਸੁਖਜਿੰਦਰ ਸਿੰਘ ਕਾਉਣੀ ਵੱਲੋਂ ਨਵੇਂ ਆਰ.ਓ. ਸਿਸਟਮ ਦਾ ਉਦਘਾਟਨ ਕੀਤਾ ਗਿਆ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੀ ਲਗਾਤਾਰ ਨੁਹਾਰ ਬਦਲੀ ਜਾ ਰਹੀ ਹੈ।ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਉਨ੍ਹਾਂ ਨੂੰ ਸੁੱਖ-ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਤਾਂ ਜੋ ਬੱਚਿਆਂ ਨੂੰ ਸਕੂਲਾਂ ਵਿੱਚ ਵੀ ਘਰਾਂ ਵਰਗਾ ਸੁਖਾਵਾਂ ਮਾਹੌਲ ਮਿਲਦਾ ਰਹੇ।ਇਸ ਮੌਕੇ ਸਮੂਹ ਸਟਾਫ ਵੱਲੋਂ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸੁਖਜਿੰਦਰ ਸਿੰਘ ਕਾਉਣੀ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।ਇਸ ਮੌਕੇ ਪ੍ਰਿੰਸੀਪਲ ਰਮੇਸ਼ ਸਿੰਘ, ਗੁਰਵਿੰਦਰ ਸਿੰਘ ਸਕੂਲ ਟੀਚਰ, ਸ਼ਿਵਦੀਪ ਸਿੰਘ ਸਕੂਲ ਟੀਚਰ, ਸ੍ਰੀਮਤੀ ਕਿਰਨ ਬਾਲਾ ਸਕੂਲ ਟੀਚਰ, ਤਰਸੇਮ ਸਿੰਘ ਸਰਪੰਚ, ਵਰਿੰਦਰ ਕੁਮਾਰ, ਲਖਵੀਰ ਸਿੰਘ, ਗੁਰਤੇਜ ਸਿੰਘ, ਲੱਭਾ, ਬਲਜੀਤ ਸਿੰਘ ਮੈਂਬਰ ਆਦਿ ਹਾਜ਼ਰ ਸਨ।

ਦੇਵ ਸਮਾਜ ਕਾਲਜ ਦੀਆਂ ਵਿਦਿਆਰਥਣਾਂ ਨੇ ਯੂਨੀਵਰਸਿਟੀ ਦੀ ਟਾਪਰ ਲਿਸਟ 'ਚ ਮਾਰੀਆਂ ਮੱਲਾਂ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਦੇਵ ਸਮਾਜ ਕਾਲਜ ਫ਼ਾਰ ਵੂਮੈਨ ਫ਼ਿਰੋਜ਼ਪੁਰ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਦੇ ਅਸ਼ੀਰਵਾਦ ਤੇ ਡਾ. ਅਗਨੀਜ਼ ਢਿੱਲੋਂ ਸੈਕਟਰੀ ਦੇਵ ਸਮਾਜ ਕਾਲਜ ਚੇਅਰਪਰਸਨ ਦੇ ਉਚਿਤ ਮਾਰਗਦਰਸ਼ਨ ਅਤੇ ਡਾ. ਸੰਗੀਤਾ ਪ੍ਰਿੰਸੀਪਲ ਦੀ ਅਗਵਾਈ ਹੇਠ ਲਗਾਤਾਰ ਤਰੱਕੀ ਦੇ ਰਾਹ 'ਤੇ ਅਗਰਸਰ ਹੈ। ਇਸੇ ਲੜੀ ਤਹਿਤ ਕਾਲਜ ਦੇ ਮੈਥੇਮੈਟਿਕਸ ਵਿਭਾਗ ਦੇ ਮੁਖੀ ਡਾ. ਨਿਸ਼ਾਂਤ ਜੁਨੇਜਾ ਵੱਲੋਂ ਦੱਸਿਆ ਗਿਆ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੁਆਰਾ ਕਰਵਾਈ ਗਈ ਐੱਮ.ਐੱਸ.ਸੀ ਮੈਥੇਮੈਟਿਕਸ ਦੂਸਰੇ ਸਮੈਸਟਰ ਦੀ ਪ੍ਰੀਖਿਆ ਵਿੱਚ ਵਿਦਿਆਰਥਣ ਰੁਪਿੰਦਰ ਕੌਰ ਨੇ ਛੇਵਾਂ ਸਥਾਨ, ਵਿਦਿਆਰਥਣ ਜਸਪ੍ਰੀਤ ਕੌਰ ਨੇ ਅੱਠਵਾਂ ਸਥਾਨ ਹਾਸਲ ਕਰਕੇ ਆਪਣੇ ਮਾਪਿਆਂ ਤੇ ਕਾਲਜ ਦਾ ਨਾਮ ਰੌਸ਼ਨ ਕੀਤਾ। ਕਾਲਜ ਪ੍ਰਿੰਸੀਪਲ ਡਾ. ਸੰਗੀਤਾ ਨੇ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਮੈਥੇਮੈਟਿਕਸ ਦੇ ਅਧਿਆਪਕਾਂ ਨੇ ਦੱਸਿਆ ਕਿ ਵਿਦਿਆਰਥਣ ਰੁਪਿੰਦਰ ਕੌਰ, ਜਸਪ੍ਰੀਤ ਕੌਰ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਟਾਪਰ ਲਿਸਟ ਵਿੱਚ ਆਪਣਾ ਉੱਚ ਦਰਜੇ 'ਤੇ ਸਥਾਨ ਪ੍ਰਾਪਤ ਕਰਨਾ ਕਾਲਜ ਲਈ ਬੜੀ ਮਾਣ ਵਾਲੀ ਗੱਲ ਹੈ। ਇਸ ਖੁਸ਼ੀ ਦੇ ਮੌਕੇ 'ਤੇ ਕਾਲਜ ਪ੍ਰਿੰਸੀਪਲ ਡਾ. ਸੰਗੀਤਾ ਨੇ ਐੱਮ ਐੱਸ ਸੀ ਮੈਥੇਮੈਟਿਕਸ ਦੇ ਮੁਖੀ ਡਾ. ਨਿਸ਼ਾਂਤ ਜੁਨੇਜਾ ਤੇ ਸਮੂਹ ਸਟਾਫ ਵੱਲੋਂ ਇਸ ਵਿਸ਼ੇ ਨਾਲ ਸਬੰਧਤ ਅਧਿਆਪਕਾਂ ਨੂੰ ਵਧਾਈ ਦਿੱਤੀ।

ਬੂਟਾ ਰਾਮ ਸ਼ੁਤਰਾਣਾ ਨੇ ਫੈਡਰੇਸ਼ਨ ਦਾ ਦ.ਫ਼ਤਰ ਖੋਲ੍ਹਿਆ

ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)-ਐੱਸਸੀ, ਬੀਸੀ ਕਰਮਚਾਰੀ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਬੂਟਾ ਰਾਮ ਵੱਲੋਂ ਪਿੰਡ ਸ਼ੁਤਰਾਣਾ ਵਿਖੇ ਫੈਡਰੇਸ਼ਨ ਦਾ ਕੈਂਪਸ ਆਫਿਸ ਖੋਲ੍ਹਿਆ ਗਿਆ, ਜਿਸ ਦੇ ਉਦਘਾਟਨ ਮੌਕੇ ਸ਼ੁਤਰਾਣਾ ਦੀਆਂ ਪੰਚਾਇਤਾਂ ਦੇ ਸਰਪੰਚਾਂ ਤੇ ਪੰਚਾਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਕੈਂਪਸ ਦਫਤਰ ਦੇ ਉਦਘਾਟਨ ਮੌਕੇ ਬੂਟਾ ਸਿੰਘ ਵਿਰਕ ਈਸਟ ਕਿਸਾਨ ਵਿੰਗ ਆਪ, ਪਿੰਡ ਦੇ ਸਰਪੰਚ ਸੁਰੇਸ਼ ਕੁਮਾਰ ਸ਼ਰਮਾ, ਤੇਜਿੰਦਰ (ਤਾਜੂ) ਸਰਪੰਚ ਤੁਗੋਪੱਤੀ ਸੁਤਰਾਣਾ, ਗਿਆਨੀ ਰਣਜੀਤ ਸਿੰਘ, ਰਾਮ ਵਿਸ਼ਵ ਸਰਪੰਚ ਹੀਰਾ ਨਗਰ, ਜੱਗਾ ਰਾਮ ਡੇਰਾ ਛੀਨਿਆ ਵਾਲਾ, ਮਹਿੰਗਾ ਸਿੰਘ ਡੇਰਾ ਬੋਹੜ ਵਾਲਾ, ਸਾਬਕਾ ਪੰਚ ਗੁਰਦੇਵ ਸਿੰਘ, ਹਰਪਾਲ ਕੁਮਾਰ, ਰਾਜ ਕੁਮਾਰ, ਰਣਜੀਤ ਸਿੰਘ, ਗੁਲਸ਼ਨ ਕੁਮਾਰ, ਸੁਖਵਿੰਦਰ ਕੁਮਾਰ, ਹਰਿੰਦਰ ਮਸੀਹ, ਸੁਖਦੇਵ ਸਿੰਘ ਪੰਚ, ਬੂਟਾ ਸਿੰਘ ਪੰਚ ਤੇ ਗੁਰਨਾਮ ਸਿੰਘ ਮਾਸਟਰ, ਬੀਰੂ ਰਾਮ ਮਾਸਟਰ, ਸੁਰਿੰਦਰ ਕੁਮਾਰ ਮਾਸਟਰ, ਰਾਕੇਸ਼ ਕੁਮਾਰ ਤੇ ਹੋਰ ਮੁਲਾਜ਼ਮ ਸਾਥੀ ਹਾਜ਼ਰ ਸਨ।ਇਸ ਦੌਰਾਨ ਸੂਬਾ ਪ੍ਰਧਾਨ ਬੂਟਾ ਰਾਮ ਸ਼ੁਤਰਾਣਾ ਵੱਲੋਂ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਮੁਲਾਜ਼ਮਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਪਹਿਲ ਦੇ ਆਧਾਰ 'ਤੇ ਹੱਲ ਕੀਤੀਆਂ ਜਾਣ ਤਾਂ ਜੋ ਮੁਲਾਜ਼ਮਾਂ ਨੂੰ ਆ ਰਹੀਆਂ ਮੁਸ਼ਕਲਾਂ ਨੂੰ ਕੁਝ ਹੱਦ ਤੱਕ ਰਾਹਤ ਮਿਲ ਸਕੇ।

ਗਿੱਲ ਬੇਰਕਲਾਂ ਦੇ ਪਰਵਾਰ ਵੱਲੋਂ ਬਰਸੀ ਮੌਕੇ ਬਿਸਕੁਟਾਂ ਦਾ ਲੰਗਰ

ਦੋਰਾਹਾ (ਹਰਮਿੰਦਰ ਸੇਠ)-ਬਲਾਕ ਕਾਂਗਰਸ ਮਲੋਦ ਦੇ ਪ੍ਰਧਾਨ ਤੇ ਸਾਬਕਾ ਬਲਾਕ ਸੰਮਤੀ ਮੈਂਬਰ ਗੁਰਮੇਲ ਸਿੰਘ ਗਿੱਲ ਬੇਰਕਲਾਂ ਦੇ ਪਰਵਾਰ ਵੱਲੋਂ ਪਿੰਡ ਬੇਰਕਲਾਂ ਦੇ ਬੱਸ ਸਟੈਂਡ 'ਤੇ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੀ ਬਰਸੀ 'ਤੇ ਸੰਗਤਾਂ ਲਈ ਬਿਸਕੁੱਟਾਂ ਦਾ ਲੰਗਰ ਲਾਇਆ ਗਿਆ। ਉਨ੍ਹਾਂ ਕਿਹਾ ਕਿ ਰਾੜਾ ਸਾਹਿਬ ਦੀ ਪਾਵਨ ਪਵਿੱਤਰ ਧਰਤੀ ਸੰਤ ਬਾਬਾ ਈਸ਼ਰ ਸਿੰਘ ਜੀ ਨੇ ਰੱਬੀ ਕੀਰਤਨ ਕਰਕੇ ਪਵਿੱਤਰ ਕਰ ਦਿੱਤੀ ਸੰਤ ਬਾਬਾ ਈਸ਼ਰ ਸਿੰਘ ਦੇ ਜੀਵਨ ਤੋਂ ਹਰ ਮਨੁੱਖ ਨੂੰ ਸੇਧ ਲੈਣ ਦੀ ਲੋੜ ਹੈ। ਪ੍ਰਧਾਨ ਗਿੱਲ ਬੇਰਕਲਾਂ ਨੇ ਕਿਹਾ ਕਿ ਹਜ਼ਾਰਾਂ ਸੰਗਤਾਂ ਦੇਸ਼ ਵਿਦੇਸ਼ ਤੋਂ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੀ ਬਰਸੀ 'ਤੇ ਨਮਸਕਾਰ ਕਰਨ ਲਈ ਪੁੱਜਦੀਆਂ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਪ੍ਰੀਤ ਸਿੰਘ ਗਿੱਲ, ਗੁਰਮੇਹਰ ਸਿੰਘ ਗਿੱਲ, ਕੁੱਕੂ ਲੰਬੜਦਾਰ, ਬੰਤ ਸਿੰਘ, ਮਾਣਕ ਸਿੰਘ, ਜਸਪ੍ਰੀਤ ਕੌਰ ਗਿੱਲ, ਨਾਜਰ ਸਿੰਘ, ਬਿੱਲੂ ਸਿੰਘ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

ਆੜ੍ਹਤੀਆਂ ਦੇ ਲਾਇਸੰਸਾਂ ਦੀ ਮਿਆਦ ਸਾਰੀ ਉਮਰ ਲਈ ਵਧਾਈ ਜਾਵੇ : ਜਸਵਿੰਦਰ ਰਾਣਾ

■ ਆੜ੍ਹਤੀ ਐਸੋਸੀਏਸ਼ਨ ਪੰਜਾਬ ਨੇ ਚੇਅਰਮੈਨ ਬਰਸਟ ਨੂੰ ਕੀਤਾ ਸਨਮਾਨਤ

ਪਟਿਆਲਾ (ਰਾਜਿੰਦਰ ਸਿੰਘ ਬਿੰਦ) ਆੜ੍ਹਤੀ ਐਸੋਸੀਏਸ਼ਨ ਪੰਜਾਬ ਵੱਲੋਂ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਰਾਣਾ ਦੀ ਅਗਵਾਈ ਹੇਠ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟਨੂੰ ਲੇਬਰ ਰੇਟਾਂ ਵਿੱਚ 10 ਫੀਸਦੀ ਵਾਧਾ ਕਰਨ ਦੇ ਧੰਨਵਾਦ ਵਜੋਂ ਸਨਮਾਨਤ ਕੀਤਾ ਗਿਆ।ਇਸ ਦੇ ਲਈ ਸਮੁੱਚੀ ਆੜ੍ਹਤੀ ਐਸੋਸੀਏਸ਼ਨ ਨੇ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਖਰੀਦ ਲਈ ਗਠਿਤ ਕੀਤੀ ਗਈ ਚਾਰ ਕੈਬਨਿਟ ਮੰਤਰੀਆਂ ਦੀ ਕਮੇਟੀ ਦਾ ਵੀ ਧੰਨਵਾਦ ਕੀਤਾ ਗਿਆ।ਇਸ ਦੇ ਨਾਲ ਹੀ ਪ੍ਰਧਾਨ ਜਸਵਿੰਦਰ ਸਿੰਘ ਰਾਣਾ ਨੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਤੋਂ ਮੰਗ ਕੀਤੀ ਕਿ ਆੜ੍ਹਤੀਆਂ ਦੇ ਲਾਇਸੈਂਸਾਂ ਦੀ ਮਿਆਦ ਪਹਿਲਾਂ ਦੀ ਤਰ੍ਹਾਂ ਜਾਂ ਤਾਂ 20 ਸਾਲ ਕਰ ਦਿੱਤੀ ਜਾਵੇ ਜਾਂ ਫਿਰ ਪੈਨ ਕਾਰਡ ਤੇ ਜੀ ਐੱਸ ਟੀ ਦੀ ਤਰਜ਼ 'ਤੇ ਸਾਰੀ ਉਮਰ ਲਈ ਲਾਇਸੰਸਾਂ ਦੀ ਮਿਆਦ ਵਧਾ ਦਿੱਤੀ ਜਾਵੇ।ਉਨ੍ਹਾਂ ਦੱਸਿਆ ਕਿ ਪਿਛਲੀ ਕਾਂਗਰਸ ਸਰਕਾਰ ਦੇ ਸਮੇਂ ਆੜ੍ਹਤੀਆਂ ਦੇ ਲਾਇਸੰਸਾਂ ਦੀ ਮਿਆਦ 20 ਸਾਲ ਤੋਂ ਘਟਾ ਕੇ ਪੰਜ ਸਾਲ ਕਰ ਦਿੱਤੀ ਗਈ ਸੀ, ਜਿਸ ਨਾਲ ਆੜ੍ਹਤੀਆਂ ਵਿੱਚ ਖੱਜਲ ਖੁਆਰੀ ਕਾਫੀ ਵਧ ਗਈ ਸੀ ਅਤੇ ਆੜ੍ਹਤੀਆਂ ਨੂੰ ਆਪਣੇ ਲਾਇਸੰਸਾਂ ਦੀ ਮਿਆਦ ਵਧਾਉਣ ਦੇ ਲਈ ਮਾਰਕੀਟ ਕਮੇਟੀ ਦੇ ਦਫਤਰਾਂ ਦੇ ਚੱਕਰ ਲਗਾਉਣੇ ਪੈ ਰਹੇ ਹਨ।ਆੜ੍ਹਤੀਆਂ ਦੀ ਇਸ ਮੰਗ 'ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਭਰੋਸਾ ਦਿੱਤਾ ਕਿ ਆੜ੍ਹਤੀਆਂ ਦੀ ਇਸ ਮੰਗ ਨੂੰ ਵੀ ਜਲਦ ਹੀ ਪੂਰਾ ਕਰ ਦਿੱਤਾ ਜਾਵੇਗਾ।ਚੇਅਰਮੈਨ ਬਰਸਟ ਨੇ ਕਿਹਾ ਕਿ ਆੜ੍ਹਤੀ ਵੀ ਮੰਡੀ ਬੋਰਡ ਦਾ ਇੱਕ ਹਿੱਸਾ ਹਨ ਇਸ ਲਈ ਉਨ੍ਹਾਂ ਨੂੰ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ।ਆੜ੍ਹਤੀ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਰਾਣਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆੜ੍ਹਤੀਆਂ ਦੀਆਂ ਸਮੁੱਚੀਆਂ ਮੰਗਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾ ਰਿਹਾ ਹੈ ਆੜ੍ਹਤੀਆਂ ਦੀ ਸਭ ਤੋਂ ਵੱਡੀ ਮੰਗ ਆੜ੍ਹਤ ਨੂੰ ਵਧਾਉਣਾ ਹੈ। ਇਸ ਲਈ ਵੀ ਪੰਜਾਬ ਸਰਕਾਰ ਵੱਲੋਂ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਕਿ ਕੇਂਦਰ ਨਾਲ ਸੰਪਰਕ ਕਰਕੇ ਆੜ੍ਹਤ ਨੂੰ ਵਧਾਇਆ ਜਾ ਸਕੇ।ਪ੍ਰਧਾਨ ਰਾਣਾ ਨੇ ਕਿਹਾ ਕਿ ਇਸ ਦੇ ਲਈ ਪੰਜਾਬ ਭਰ ਵਿੱਚ ਇੱਕ ਵਿਸ਼ੇਸ਼ ਮੁਹਿੰਮ ਵੀ ਚਲਾਈ ਜਾ ਰਹੀ ਹੈ, ਜਿਸ ਦੇ ਤਹਿਤ 'ਆੜ੍ਹਤ ਵਧਾਓ, ਆੜ੍ਹਤੀ ਬਚਾਓ ਮੁਹਿੰਮ' ਦੇ ਤਹਿਤ ਸਾਰੇ ਪੰਜਾਬ ਵਿੱਚ ਆੜ੍ਹਤੀਆਂ ਤੋਂ ਸਾਈਨ ਕਰਵਾ ਕੇ ਮੁੱਖ ਮੰਤਰੀ ਅਤੇ ਸਬੰਧਤ ਮੰਤਰੀ ਤੇ ਸਾਰੇ ਅਫਸਰਾਂ ਨੂੰ ਦਿੱਤੇ ਜਾਣਗੇ ਤਾਂ ਕਿ ਕੇਂਦਰ ਸਰਕਾਰ ਕੋਲ ਜ਼ੋਰਦਾਰ ਤਰੀਕੇ ਨਾਲ ਮਸਲਾ ਉਠਾਇਆ ਜਾ ਸਕੇ।ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਦੇ ਜਰਨਲ ਸਕੱਤਰ ਰਜਿੰਦਰ ਨਿਰੰਕਾਰੀ, ਸੀਨੀਅਰ ਮੀਤ ਪ੍ਰਧਾਨ ਇੰਜੀਨੀਅਰ ਸਤਵਿੰਦਰ ਸਿੰਘ ਸੈਣੀ, ਜਰਨ ਸਕੱਤਰ ਪੁਨੀਤ ਜੈਨ, ਵਿੱਤ ਸਕੱਤਰ ਰਣਜੀਤ ਸਿੰਘ ਔਜਲਾ, ਮਾਰਕੀਟ ਕਮੇਟੀ ਖੰਨਾ ਦੇ ਚੇਅਰਮੈਨ ਜਗਤਾਰ ਸਿੰਘ ਗਿੱਲ, ਰਜਤ ਕਪੂਰ, ਪਵਨ ਸਿੰਗਲਾ, ਮੁਦਿਤ ਮਿੱਤਲ, ਸੰਜੇ ਨਾਗਪਾਲ, ਨਰੇਸ਼ ਕੁਮਾਰ, ਦੀਪਕ ਡਕਾਲਾ, ਅਸ਼ੋਕ ਕੁਮਾਰ, ਬੱਗਾ ਆਦਿ ਹਾਜ਼ਰ ਸਨ।

ਮਾਮਲਾ ਬੰਦ ਪਏ ਸੀਵਰੇਜ ਦਾ
ਤੁੰ

27-Aug-page-11-Majha-2025.qxd 8/26/2025 11:08 PM Page 1

ਕਟਾਰੂਚੱਕ ਤੇ ਵਰਿੰਦਰ ਕੁਮਾਰ ਗੋਇਲ ਵੱਲੋਂ ਵਿਧਾਨ ਸਭਾ ਹਲਕਾ ਭੋਆ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ

ਪਠਾਨਕੋਟ, (ਦਵਿੰਦਰ ਸਿੰਘ)-ਪਿਛਲੇ ਕਰੀਬ ਦੋ-ਤਿੰਨ ਦਿਨਾਂ ਤੋਂ ਜੰਮੂ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ ਵਿੱਚ ਲਗਾਤਾਰ ਹੋ ਰਹੀ ਬਾਰਿਸ਼ ਦੇ ਚਲਦਿਆਂ ਰਣਜੀਤ ਸਾਗਰ ਡੈਮ ਅੰਦਰ ਵੀ ਪਾਣੀ ਦਾ ਪੱਧਰ ਵੱਧ ਗਿਆ ਜਿਸ ਦੇ ਚਲਦਿਆਂ ਪਿਛਲੇ ਦੋ ਦਿਨ੍ਹਾਂ ਤੋਂ ਰਣਜੀਤ ਸਾਗਰ ਡੈਮ ਸ਼ਾਹਪੁਰਕੰਢੀ ਪਠਾਨਕੋਟ ਵਿੱਚੋਂ ਪਾਣੀ ਛੱਡਿਆ ਜਾ ਰਿਹਾ ਹੈ, ਤੇਜ਼ ਬਾਰਿਸ਼ ਅਤੇ ਰਣਜੀਤ ਸਾਗਰ ਡੈਮ ਤੋਂ ਪਾਣੀ ਛੱਡਣ ਕਰਕੇ ਰਾਵੀ ਅੰਦਰ ਪਾਣੀ ਦਾ ਪੱਧਰ ਹੋਰ ਵੱਧ ਗਿਆ, ਇਸ ਤੋਂ ਇਲਾਵਾ ਉਜ ਅਤੇ ਜਲਾਲੀਆਂ ਅੰਦਰ ਵੀ ਪਾਣੀ ਦੇ ਉਫਾਨ ਦੇ ਕਾਰਨ ਨਰੋਟ ਜੈਮਲ ਸਿੰਘ ਅਤੇ ਬਮਿਆਲ ਬਲਾਕ ਦਾ ਜ਼ਿਆਦਾਤਰ ਪਿੰਡ ਪਾਣੀ ਦੀ ਮਾਰ ਹੇਠ ਆ ਗਏ ਜਿਸ ਦਾ ਅੱਜ ਖੇਤਰ ਦੇ ਅੰਦਰ ਪਹੁੰਚ ਕੇ ਜਾਇਜ਼ਾ ਲਿਆ ਗਿਆ ਹੈ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਿਨਟ ਮੰਤਰੀ ਪੰਜਾਬ ਅਤੇ ਵਰਿੰਦਰ ਗੋਇਲ ਕੈਬਿਨਟ ਮੰਤਰੀ ਪੰਜਾਬ ਨੇ ਸੰਯੁਕਤ ਤੌਰ ਤੇ ਹੜ੍ਹ ਪ੍ਰਭਾਵਿੱਤ ਖੇਤਰਾਂ ਦਾ ਦੌਰਾ ਕੀਤਾ।ਜਾਣਕਾਰੀ ਦਿੰਦਿਆਂ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਰਣਜੀਤ ਸਾਗਰ ਡੈਮ ਤੋਂ ਇੱਕ ਲੱਖ ਦਸ ਹਜਾਰ ਕਿਊਸਿਕ ਪਾਣੀ ਛੱਡਿਆ ਗਿਆ ਜਿਸ ਦੇ ਚਲਦਿਆਂ ਖੇਤਰ ਅੰਦਰ ਪਾਣੀ ਦੇ ਵਹਾਓ ਕਰਕੇ ਪਿੰਡ ਮਾਖਣਪੁਰ, ਪੋਲਾ, ਤਾਸ ਅਤੇ ਬਹਾਦਰਪੁਰ ਇਨ੍ਹਾਂ ਸਥਾਨਾਂ ਤੋਂ ਰਾਵੀ ਬਰਾਬਰ ਚਲ ਰਹੀ ਹੈ । ਉਨ੍ਹਾਂ ਦੱਸਿਆ ਕਿ ਪਰਮਾਨੰਦ ਤੋਂ ਨਰੋਟ ਜੈਮਲ ਸਿੰਘ ਰੋਡ ਵਿੱਚ ਵੀ ਪਾਣੀ ਭਰ ਗਿਆ ਹੈ। ਪਿੰਡ ਤਾਸ ਵਿਖੇ ਇੱਕ ਪਰਿਵਾਰ ਦੇ 7 ਮੈਂਬਰ ਪਾਣੀ ਵਿੱਚ ਘਿਰੇ ਹੋਏ ਹਨ ਜਿਨ੍ਹਾਂ ਦੇ ਬਚਾਓ ਦੇ ਲਈ ਰੈਸਕਿਊ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਤਾਰਾਗੜ੍ਹ ਅਤੇ ਨਰੋਟ ਜੈਮਲ ਸਿੰਘ ਦੇ ਸਕੂਲਾਂ ਅੰਦਰ ਲੰਗਰ ਦੀ ਵਿਵਸਥਾ ਵੀ ਕੀਤੀ ਗਈ ਹੈ।ਆਮ ਆਦਮੀ ਪਾਰਟੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਟੀਮ ਰਾਹਤ ਕੰਮਾਂ ਵਿੱਚ ਲੱਗੀ ਹੋਈ ਹੈ। ਉਨ੍ਹਾਂ ਕਿਹਾ ਕਿ ਪਾਣੀ ਤਾਂ ਆਇਆ ਹੈ ਅਤੇ ਚਲਾ ਵੀ ਜਾਏਗਾ ਪਰ ਇਸ ਸਮੇਂ ਸਾਡੀ ਪਹਿਲ ਹੈ ਕਿ ਮਨੁੱਖੀ ਜੀਵਨ ਦੀ ਸੁਰੱਖਿਆ ਕੀਤੀ ਜਾਵੇ ਜਿਸ ਲਈ ਆਮ ਆਦਮੀ ਪਾਰਟੀ ਅਤੇ ਜ਼ਿਲ੍ਹਾ ਪ੍ਰਸ਼ਾਸਨਿਕ ਅਧਿਕਾਰੀ ਲੱਗੇ ਹੋਏ ਹਨ।ਇਸ ਮੌਕੇ ਜਾਣਕਾਰੀ ਦਿੰਦਿਆਂ ਵਰਿੰਦਰ ਗੋਇਲ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਸਰਕਾਰ ਹਰ ਸੰਭਵ ਉਪਰਾਲੇ ਕਰ ਰਹੀ ਹੈ, ਭਾਰੀ ਬਾਰਿਸ਼ ਦੇ ਚਲਦਿਆਂ ਡੈਮਾਂ ਅੰਦਰ ਪਾਣੀ ਦੀ ਸਮਰੱਥਾ ਪਹਿਲਾਂ ਨਾਲੋਂ ਬਹੁਤ ਜ਼ਿਆਦਾ ਵੱਧ ਗਈ ਹੈ। ਜ਼ਿਲ੍ਹੇ ਅੰਦਰ ਕੰਟਰੋਲ ਰੂਮ ਵੀ ਸਥਾਪਤ ਕੀਤਾ ਗਿਆ ਹੈ, ਸ਼ਰਨਾਰਥੀ ਕੈਂਪ ਵੀ ਸਥਾਪਿਤ ਕੀਤੇ ਹੋਏ ਹਨ ਉੱਥੇ ਹਰ ਤਰ੍ਹਾਂ ਦੀਆਂ ਤਿਆਰੀਆਂ ਕੀਤੀਆਂ ਗਈਆਂ ਹਨ। ਲੋਕਾਂ ਦੇ ਲਈ ਭੋਜਨ ਦੀ ਵਿਵਸਥਾ ਵੀ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਲੋਕਾਂ ਨੂੰ ਅਪੀਲ ਹੈ ਕਿ ਝੂਠੀਆਂ ਅਫਵਾਹਾਂ ਤੇ ਵਿਸਵਾਸ ਨਾ ਕਰੋ।ਸਾਡੇ ਵੱਲੋਂ ਵੱਖ ਵੱਖ ਸਥਾਨਾਂ ਤੇ ਹਰ ਤਰ੍ਹਾਂ ਦੀ ਵਿਵਸਥਾ ਕੀਤੀ ਗਈ ਹੈ।

ਹੜ੍ਹਾਂ ਨਾਲ ਪ੍ਰਭਾਵਿਤ ਲੋਕਾਂ ਦੀ ਤੁਰੰਤ ਸਾਰ ਲਵੇ ਸੂਬਾ ਸਰਕਾਰ : ਕਿਸਾਨ ਆਗੂ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਦਰਿਆਵਾਂ ਵਿੱਚ ਆਏ ਹੜ੍ਹਾਂ ਨਾਲ ਕਿਸਾਨਾਂ ਦੀਆਂ ਪੁੱਤਾਂ ਵਾਂਗ ਪਾਲੀਆਂ ਫਸਲਾਂ ਬਰਬਾਦ ਹੋ ਰਹੀਆਂ ਹਨ ਅਤੇ ਘਰ ਢਹਿ-ਢੇਰੀ ਹੋ ਰਹੇ ਹਨ। ਭਗਵੰਤ ਮਾਨ ਸਰਕਾਰ ਅਤੇ ਪ੍ਰਸ਼ਾਸਨ 'ਤੇ ਵਰ੍ਹਦਿਆਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨਤਾਰਨ ਦੇ ਮੀਤ ਪ੍ਰਧਾਨ ਦਿਆਲ ਸਿੰਘ ਮੀਆਂਵਿੰਡ, ਜ਼ੋਨ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪ੍ਰਧਾਨ ਮੁਖ਼ਤਾਰ ਸਿੰਘ ਬਿਹਾਰੀਪੁਰ, ਜ਼ੋਨ ਸਕੱਤਰ ਸਤਨਾਮ ਸਿੰਘ ਖੋਜਕੀਪੁਰ ਅਤੇ ਜ਼ੋਨ ਪ੍ਰੈੱਸ ਸਕੱਤਰ ਹਰਜਿੰਦਰ ਸਿੰਘ ਘੱਗੇ ਨੇ ਇੱਕ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਮੌਜੂਦਾ ਸਰਕਾਰ ਵੱਲੋਂ ਹੜ੍ਹਾਂ ਦੇ ਪ੍ਰਕੋਪ ਨਾਲ ਨਜਿੱਠਣ ਲਈ ਪਹਿਲਾਂ ਤੋਂ ਕੋਈ ਵਿਉਂਤਬੰਦੀ ਨਾ ਕਰਨ, ਕੋਈ ਠੋਸ ਨੀਤੀ ਨਾ ਬਣਾਉਣ ਕਰਕੇ ਜਿਥੇ ਕਿਸਾਨਾਂ ਦੀਆਂ ਫਸਲਾਂ, ਪਸ਼ੂਆਂ ਦਾ ਨੁਕਸਾਨ ਬੜੇ ਵੱਡੇ ਪੱਧਰ ਤੇ ਹੋਇਆ ਉਥੇ ਗਰੀਬ ਲੋਕਾਂ ਦੇ ਮਕਾਨ ਢਹਿਣ ਕਰਕੇ ਲੋਕ ਖੁੱਲ੍ਹੇ ਅਸਮਾਨ ਹੇਠ ਰਹਿਣ ਲਈ ਮਜਬੂਰ ਹਨ ਪਰ ਇਸ ਦੇ ਬਾਵਜੂਦ ਪੰਜਾਬ ਦੇ ਬਹਾਦਰ ਲੋਕਾਂ ਨੇ ਦਰਿਆ ਦਿਲੀ ਦਿਖਾਉਂਦੇ ਹੋਏ ਹੜ੍ਹਾਂ ਨਾਲ ਪ੍ਰਭਾਵਿਤ ਲੋਕਾਂ ਦਾ ਬੜੇ ਵੱਡੇ ਪੱਧਰ ਤੇ ਸਾਥ ਦਿੱਤਾ ਅਤੇ ਬੰਨ੍ਹਾਂ ਨੂੰ ਮਜ਼ਬੂਤ ਕਰਨ ਲਈ ਕੁੱਝ ਕੁ ਸੰਪਰਦਾਵਾਂ ਦੇ ਸਹਿਯੋਗ ਨਾਲ ਦਿਨ-ਰਾਤ ਹਰ ਤਰ੍ਹਾਂ ਦੀ ਮਦਦ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਪੰਜਾਬ ਦੇ ਸਿਆਸੀ ਲੀਡਰ ਸਿਰਫ਼ ਫੋਟੋਆਂ ਖਿਚਵਾ ਕੇ ਖਾਨਾਪੂਰਤੀ ਕਰ ਰਹੇ ਹਨ। ਪ੍ਰਸ਼ਾਸਨ ਵੀ ਕੋਈ ਵੱਡੇ ਪੱਧਰ 'ਤੇ ਸਰਗਰਮ ਨਹੀਂ ਲੱਗਦਾ। ਕਿਸਾਨ ਆਗੂਆਂ ਨੇ ਸਰਕਾਰ ਕੋਲੋਂ ਪੁਰਜ਼ੋਰ ਮੰਗ ਕਰਦਿਆਂ ਕਿਹਾ ਕਿ ਸਰਕਾਰ ਮੁਸੀਬਤ ਵਿੱਚ ਘਿਰੇ ਲੋਕਾਂ ਦੀ ਸਾਰ ਲਵੇ ਅਤੇ ਹੜ੍ਹਾਂ ਨਾਲ ਪ੍ਰਭਾਵਿਤ ਖੇਤਰਾਂ ਵਿੱਚ ਢੁੱਕਵੇਂ ਪ੍ਰਬੰਧ ਕੀਤੇ ਜਾਣ ਹੜ੍ਹਾਂ ਨਾਲ ਖਰਾਬ ਹੋ ਚੁੱਕੀਆਂ ਫਸਲਾਂ ਦੀ ਤੁਰੰਤ ਗਿਰਦਾਵਰੀ ਕਰਵਾ ਕੇ ਘੱਟੋ-ਘੱਟ 70 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ, ਪਾਣੀ ਵਿੱਚ ਡੁੱਬ ਕੇ ਮਰਨ ਵਾਲੇ ਦੁਧਾਰੂ ਪਸ਼ੂਆਂ ਅਤੇ ਗਰੀਬ ਲੋਕਾਂ ਦੇ ਢਹਿ ਚੁੱਕੇ ਮਕਾਨਾਂ ਦਾ ਵੱਧ ਤੋਂ ਮੁਆਵਜ਼ਾ ਦੇਣ ਅਤੇ ਮੁੜ ਵਸੇਬੇ ਲਈ ਉਪਰਾਲੇ ਕੀਤੇ ਜਾਣ। ਉਨ੍ਹਾਂ ਪੰਜਾਬ ਦੇ ਬਹਾਦਰ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਸੰਕਟ ਦੀ ਘੜੀ ਵਿੱਚ ਤਕੜੇ ਹੋ ਕੇ ਆਪਣੇ ਲੋਕਾਂ ਦੀ ਬਾਂਹ ਫੜਨ ਅਤੇ ਹਰ ਸੰਭਵ ਮਦਦ ਕਰਨ ਲਈ ਅੱਗੇ ਆਉਣ।

ਵਿਆਹ ਪੁਰਬ ਸਮਾਗਮਾਂ ਨੂੰ ਲੈ ਕੇ ਸ਼ਹਿਰ 'ਚ ਸੀਵਰੇਜ ਦੀ ਸਫਾਈ ਤੇ ਕੂੜਾ ਚੁੱਕਣ ਦਾ ਕੰਮ ਜਾਰੀ

* 30 ਨੂੰ ਗੁਰਦੁਆਰਾ ਡੇਹਰਾ ਸਾਹਿਬ ਤੋਂ ਪਾਲਕੀ ਸਾਹਿਬ ਸਜਾਈ ਜਾਵੇਗੀ

ਬਟਾਲਾ (ਡਾ. ਮਲਵਿੰਦਰ ਸਿੰਘ)-ਬਾਬਾ ਜੀ ਦੇ ਵਿਆਹ ਪੁਰਬ ਸਮਾਗਮਾਂ ਦੇ ਸਬੰਧ ਵਿੱਚ ਵੱਖ-ਵੱਖ ਵਿਭਾਗਾਂ ਵਲੋਂ ਸੰਗਤਾਂ ਦੀ ਸਹੂਲਤ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਪਿਛਲੇ ਦੋ ਦਿਨਾਂ ਤੋਂ ਪੈ ਰਹੇ ਮੀਂਹ ਦੇ ਬਾਵਜੂਦ ਨਗਰ ਕੀਰਤਨ ਅਤੇ ਪਾਲਕੀ ਸਾਹਿਬ ਦੇ ਰੂਟ ਸਮੇਤ ਸਮੁੱਚੇ ਸ਼ਹਿਰ ਵਿੱਚ ਨਿਰਵਿਘਨ ਤਿਆਰੀਆਂ ਚੱਲ ਰਹੀਆਂ ਹਨ।ਸਫਾਈ ਕਰਮਚਾਰੀ ਵਰ੍ਹਦੇ ਮੀਂਹ ਵਿੱਚ ਵੀ ਲਗਾਤਾਰ ਕੂੜਾ ਚੁੱਕ ਰਹੇ ਹਨ, ਸੀਵਰੇਜ ਸਾਫ਼ ਕਰ ਰਹੇ ਹਨ ਅਤੇ ਕੰਮ ਨਿਰਵਿਘਨ ਜਾਰੀ ਹੈ।ਐੱਸਡੀਐੱਮ-ਕਮ-ਕਮਿਸ਼ਨਰ ਕਾਰਪੋਰੇਸ਼ਨ ਵਿਕਰਮਜੀਤ ਸਿੰਘ ਨੇ ਦੱਸਿਆ ਕਿ ਵਿਧਾਇਕ ਸ਼ੈਰੀ ਕਲਸੀ ਅਤੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ ਹੇਠ ਦੇਸ਼-ਵਿਦੇਸ਼ ਤੋਂ ਆ ਰਹੀ ਸੰਗਤਾਂ ਦੀ ਸਹੂਲਤ ਲਈ ਸਬੰਧਤ ਵਿਭਾਗ ਫੀਲਡ ਵਿੱਚ ਲਗਾਤਾਰ ਕੰਮ ਕਰ ਰਹੇ ਹਨ ਤਾਂ ਜੋ ਸੰਗਤਾਂ ਤੇ ਸ਼ਹਿਰ ਵਾਸੀਆਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ।ਉਨ੍ਹਾਂ ਦੱਸਿਆ ਕਿ 29 ਨੂੰ ਗੁਰਦੁਆਰਾ ਸ੍ਰੀ ਸੁਲਤਾਨਪੁਰ ਲੋਧੀ ਤੋਂ ਬਟਾਲਾ ਪਹੁੰਚ ਰਹੇ ਨਗਰ ਕੀਰਤਨ ਰੂਟ ਜਿਵੇਂ ਜਲੰਧਰ ਬਾਈਪਾਸ ਰੋਡ, ਉਮਰਪੁਰਾ ਚੌਕ, ਕਾਦੀਆਂ ਚੂੰਗੀ, ਹੰਸਲੀ ਪੁਲ, ਸੁੱਖਾ ਸਿੰਘ-ਮਹਿਤਾਬ ਸਿੰਘ ਚੌਕ, ਬੱਸ ਅੱਡਾ, ਗਾਂਧੀ ਚੌਕ ਤੇ ਸਿਟੀ ਬਾਜ਼ਾਰ ਵਿੱਚੋਂ ਹੁੰਦੇ ਹੋਏ ਗੁਰਆਰਾ ਸਤਿਕਾਰੀਆਂ ਸਾਹਿਬ ਵਿਖੇ ਸਮਾਪਤ ਹੋਵੇਗਾ ਅਤੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪਿੰਡ ਆਦੋਵਾਲ ਵਿਖੇ ਨਗਰ ਕੀਰਤਨ ਦੇ ਪਹੁੰਚਣ 'ਤੇ ਭਰਵਾਂ ਸਵਾਗਤ ਹੋਵੇਗਾ।ਉਨ੍ਹਾਂ ਅੱਗੇ ਦੱਸਿਆ ਕਿ 30 ਅਗਸਤ ਨੂੰ ਗੁਰਦੁਆਰਾ ਡੇਹਰਾ ਸਾਹਿਬ ਤੋਂ ਪਾਲਕੀ ਸਾਹਿਬ ਸਜਾਈ ਜਾਵੇਗੀ, ਜੋ ਬਾਜ਼ਾਰ ਵਿੱਚੋਂ ਹੁੰਦੀ ਹੋਈ ਜੱਸਾ ਸਿੰਘ ਰਾਮਗੜ੍ਹੀਆਂ ਚੌਕ, ਹੰਸਲੀ ਪੁਲ, ਪੁਲਸ ਲਾਈਨ, ਬਟਾਲਾ-ਗੁਰਦਾਸਪੁਰ ਰੋਡ 'ਤੇ ਰੇਲਵੇ ਫਾਟਕ, ਗੁਰੂ ਨਾਨਕ ਨਗਰ, ਕਾਹਨੂੰਵਾਨ ਚੌਕ, ਇੰਪਰੂਵਮੈਂਟ ਟਰੱਸਟ ਦਫਤਰ, ਬੱਸ ਅੱਡਾ, ਦਫਤਰ ਐੱਸਐੱਸਪੀ ਬਟਾਲਾ, ਗਾਂਧੀ ਚੌਕ, ਨਹਿਰੂ ਗੇਟ ਤੇ ਸਿਟੀ ਬਾਜ਼ਾਰ ਵਿੱਚੋਂ ਹੁੰਦੀ ਹੋਈ ਗੁਰਦੁਆਰਾ ਸ੍ਰੀ ਕੰਧ ਸਾਹਿਬ ਵਿਖੇ ਪਹੁੰਚੇਗੀ।

2 ਦੀ ਤਰਨਤਾਰਨ ਰੈਲੀ 2027 'ਚ ਕਾਂਗਰਸ ਦੀ ਸਰਕਾਰ ਬਣਨ ਦਾ ਮੁੱਢ ਬੰਨ੍ਹ੗ਗੀ: ਕੱਕੜ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਪੰਜਾਬ ਦੇ ਸਾਬਕਾ ਮੰਤਰੀ ਅਤੇ ਮੌਜੂਦਾ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਦੀ ਯੋਗ ਅਗਵਾਈ ਹੇਠ 2 ਸਤੰਬਰ ਨੂੰ ਤਰਨਤਾਰਨ ਵਿਖੇ 'ਵੋਟ ਚੋਰੀ ਖ਼ਿਲਾਫ਼' ਹੋਣ ਵਾਲੀ ਰੈਲੀ ਬੇਮਿਸਾਲ ਹੋਵੇਗੀ ਅਤੇ ਪੰਜਾਬ ਵਿਚਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਜੜ੍ਹਾਂ ਹਿਲਾ ਕੇ ਰੱਖ ਦੇਵੇਗੀ ਅਤੇ 2027 ਵਿੱਚ ਪੰਜਾਬ ਵਿੱਚ ਕਾਂਗਰਸ ਸਰਕਾਰ ਬਣਨ ਦਾ ਮੁੱਢ ਬੰਨ੍ਹ੗ਗੀ।ਉਕਤ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਸਾਬਕਾ ਮੰਤਰੀ ਅਤੇ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਦੇ ਮੀਡੀਆ ਸਲਾਹਕਾਰ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਦੇ ਮੁੱਖ ਬੁਲਾਰੇ ਅਮਨਦੀਪ ਸਿੰਘ ਕੱਕੜ ਨੇ ਇੱਕ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਸਮੁੱਚੀ ਹਾਈਕਮਾਂਡ ਨੇ ਦੂਰਅੰਦੇਸ਼ੀ ਦਾ ਫੈਸਲਾ ਲੈਂਦਿਆਂ ਤਰਨਤਾਰਨ ਦੀ ਇਸ ਰੈਲੀ ਦੀ ਜ਼ਿੰਮੇਵਾਰੀ ਕਾਂਗਰਸ ਪਾਰਟੀ ਦੇ ਹਲਕਾ ਰਾਜਾ ਸਾਂਸੀ ਤੋਂ ਮੌਜੂਦਾ ਵਿਧਾਇਕ ਸਰਕਾਰੀਆ ਨੂੰ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਇਸ ਰੈਲੀ ਵਿੱਚ ਸਮੁੱਚੀ ਕਾਂਗਰਸ ਪੂਰੀ ਤਰ੍ਹਾਂ ਇੱਕ ਜੁੱਟ ਦਿਖਾਈ ਦੇਵੇਗੀ ਅਤੇ ਵਿਰੋਧੀਆਂ ਦੇ ਸਾਰੇ ਭਰਮ ਭੁਲੇਖੇ ਦੂਰ ਕਰ ਦੇਵੇਗੀ।ਕੱਕੜ ਨੇ ਕਿਹਾ ਕਿ ਇਸ ਬੇਮਿਸਾਲ ਰੈਲੀ ਨਾਲ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣਨ ਦਾ ਮੁੱਢ ਬੱਝ ਜਾਵੇਗਾ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਪੰਜਾਬੀ ਪੂਰੀ ਤਰ੍ਹਾਂ ਤੰਗ ਆ ਚੁੱਕੇ ਹਨ। ਇਸ ਮੌਕੇ ਉਨ੍ਹਾਂ ਨਾਲ ਹਰਭੇਜ ਸਿੰਘ ਵਣੀਏਕੇ ਬਲਾਕ ਪ੍ਰਧਾਨ ਚੋਗਾਵਾਂ, ਲਖਵਿੰਦਰ ਸਿੰਘ ਝੰਜੋਟੀ ਬਲਾਕ ਪ੍ਰਧਾਨ ਹਰਸ਼ਾ ਛੀਨਾ, ਜਸਕਰਨ ਸਿੰਘ ਕੋਹਰੀ ਪ੍ਰਧਾਨ ਯੂਥ ਕਾਂਗਰਸ ਰਾਜਾ ਸਾਂਸੀ, ਬਬਲਾ ਕੋਟਲਾ, ਸਰਪੰਚ ਸੋਨਾ ਸਿੱਧੂ ਬਲੱਗਣ, ਦਿਲਬਾਗ ਸਿੰਘ ਖਿਆਲਾ ਕਲਾਂ, ਬਾਬਾ ਦਲਬੀਰ ਸਿੰਘ ਪੱਧਰੀ, ਦਲਬੀਰ ਸਿੰਘ ਕੋਹਾਲੀ, ਬਲਵਿੰਦਰ ਸਿੰਘ ਕੋਹਾਲੀ, ਅਜੇਬੀਰ ਸਿੰਘ ਲੋਪੋਕੇ ਮੀਤ ਪ੍ਰਧਾਨ, ਸ਼ਮਸ਼ੇਰ ਸਿੰਘ ਚੋਗਾਵਾਂ ਜਨਰਲ ਸਕੱਤਰ, ਬਲਦੇਵ ਸਿੰਘ ਮੰਝ, ਨਿਸ਼ਾਨ ਸਿੰਘ ਮੰਝ, ਸੁਖਦੇਵ ਸਿੰਘ ਨੱਥੂਪੁਰ, ਕੁਲਦੀਪ ਸਿੰਘ ਔਲ੖ਖ ਚੋਗਾਵਾਂ, ਡਾ: ਪ੍ਰਗਟ ਸਿੰਘ ਭੁੱਲਰ, ਰਿੰਕੂ ਚੋਗਾਵਾਂ, ਰੇਸ਼ਮ ਸਿੰਘ ਲੋਧੀ ਗੁੱਜਰ, ਨਰਿੰਦਰ ਸਿੰਘ ਹੇਤਮਪੁਰਾ, ਸੂਬਾ ਸਿੰਘ ਹੇਤਮਪੁਰਾ, ਸੂਬਾ ਸਿੰਘ ਪੰਜੂਰਾਏ, ਸ਼ਮਸ਼ੇਰ ਸਿੰਘ ਸਾਰੰਗੜਾ, ਰੇਸ਼ਮ ਸਿੰਘ ਬੱਚੀਵਿੰਡ, ਸਾਹਬੀ ਚੈਨਪੁਰ, ਸੁਖਬੀਰ ਸਿੰਘ ਸ਼ਾਹ ਭਿੱਟੇਵੱਡ, ਲਖਵਿੰਦਰ ਸਿੰਘ ਭਿੱਟੇਵੱਡ, ਸੁਖਬੀਰ ਸਿੰਘ, ਗੁਰਜੰਟ ਸਿੰਘ ਮੁੱਧ, ਸੁਰਜੀਤ ਸਿੰਘ ਰਾਣੀਆਂ ਆਦਿ ਹਾਜ਼ਰ ਸਨ।

ਹੜ੍ਹ ਪ੍ਰਭਾਵਿਤ ਪਿੰਡਾਂ 'ਚੋਂ ਲੋਕਾਂ ਨੂੰ ਸੁਰੱਖਿਅਤ ਕੱਢਣ ਦਾ ਕੰਮ ਜੰਗੀ ਪੱਧਰ 'ਤੇ ਜਾਰੀ

ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਾਪੁਰੀ)- ਬਿਆਸ ਦਰਿਆ ਵਿੱਚ ਪਾਣੀ ਦੇ ਉੱਚ ਪੱਧਰ ਕਾਰਨ ਸੁਲਤਾਨਪੁਰ ਲੋਧੀ ਦੇ ਪ੍ਰਭਾਵਿਤ ਪਿੰਡਾਂ ਵਿਚੋਂ ਲੋਕਾਂ ਨੂੰ ਕੱਢ ਕੇ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ। ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਨੇ ਦੱਸਿਆ ਕਿ ਭਾਰੀ ਮੀਂਹ ਅਤੇ ਦਰਿਆ ਵਿੱਚ ਪਾਣੀ ਦੇ ਵਾਧੇ ਕਾਰਨ ਮੰਡ ਖੇਤਰ ਦੇ ਪ੍ਰਭਾਵਿਤ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਦੀ ਅਪੀਲ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਐਸ.ਡੀ.ਆਰ.ਐਫ. ਦੀਆਂ ਟੀਮਾਂ ਵਲੋਂ ਪ੍ਰਭਾਵਿਤ ਪਿੰਡਾਂ ਬਾਊਪੁਰ ਜਦੀਦ ਅਤੇ ਬਾਊਪੁਰ ਕਦੀਮ, ਸਾਂਗਰਾ, ਰਾਮਪੁਰ ਗੋਰਾ, ਮੰਡ ਭੀਮ ਕਦੀਮ, ਮੰਡ ਬੰਧੂ ਜਦੀਦ, ਮੁਹੰਮਦਾਬਾਦ ਆਦਿ ਵਿਚੋਂ ਲਗਭਗ 45 ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ, ਇਨ੍ਹਾਂ ਵਿੱਚ ਜ਼ਿਆਦਾਤਰ ਮਹਿਲਾਵਾਂ ਤੇ ਬੱਚੇ ਸਨ। ਐਸ.ਡੀ.ਆਰ.ਐਫ.ਦੇ ਟੀਮ ਕਮਾਂਡਰ ਇੰਸਪੈਕਟਰ ਦੀਪਕ ਨੇ ਦੱਸਿਆ ਕਿ ਐਸ.ਡੀ.ਆਰ.ਐਫ ਦੀਆਂ ਟੀਮਾਂ ਵਲੋਂ ਲੋਕਾਂ ਨੂੰ ਸੁਰੱਖਿਅਤ ਕੱਢਣ ਦੇ ਨਾਲ-ਨਾਲ ਉਨ੍ਹਾਂ ਦਾ ਕੀਮਤੀ ਸਾਮਾਨ ਵੀ ਕੱਢਿਆ

27 Aug Page 12.qxd 8/26/2025 11:11 PM Page 1

ਭਾਜਪਾ ਹੁਣ ਰਾਸ਼ਨ ਲੁੱਟਣ ਦੀ ਰਚ ਰਹੀ ਹੈ ਸਾਜ਼ਿਸ਼ : ਡਾ. ਰਵਜੋਤ ਸਿੰਘ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਭਾਜਪਾ 'ਤੇ ਸਿੱਧਾ ਹਮਲਾ ਕਰਦਿਆਂ ਕਿਹਾ ਕਿ ਭਾਜਪਾ ਨੇ ਪਹਿਲਾਂ ਵੋਟਾਂ ਚੋਰੀ ਕੀਤੀਆਂ ਅਤੇ ਹੁਣ ਗ਼ਰੀਬਾਂ ਦਾ ਰਾਸ਼ਨ ਚੋਰੀ ਕਰਨ ਦੀ ਸਾਜ਼ਿਸ਼ ਰਚ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਪੰਜਾਬ ਦੇ ਲੱਗਭਗ 55 ਲੱਖ ਗਰੀਬ ਪਰਿਵਾਰਾਂ ਦੇ ਹੱਕ ਖੋਹਣ ਦੀ ਕੋਸ਼ਿਸ਼ ਕਰ ਰਹੀ ਹੈ, ਜਿਸ ਨੂੰ ਕਿਸੇ ਵੀ ਹਾਲਤ ਵਿਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਇਸ ਬੇਇਨਸਾਫ਼ੀ ਵਿਰੁੱਧ ਪੰਜਾਬ ਭਰ ਵਿਚ ਨੁੱਕੜ ਮੀਟਿੰਗਾਂ ਦਾ ਆਯੋਜਨ ਸ਼ੁਰੂ ਕਰ ਦਿੱਤਾ ਹੈ, ਤਾਂ ਜੋ ਲੋਕਾਂ ਨੂੰ ਭਾਜਪਾ ਦੇ ਇਰਾਦਿਆਂ ਤੇ ਸਾਜ਼ਿਸ਼ਾਂ ਤੋਂ ਜਾਣੂ ਕਰਵਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਸ਼ਾਮ ਚੁਰਾਸੀ ਵਿਚ ਵਰਕਰਾਂ ਦੀ ਇਕ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਲੋਕਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਲਿਖੇ ਖੁੱਲ੍ਹੇ ਪੱਤਰ ਬਾਰੇ ਜਾਣੂ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸਪੱਸ਼ਟ ਸ਼ਬਦਾਂ ਵਿਚ ਭਰੋਸਾ ਦਿੱਤਾ ਹੈ ਕਿ ਜਦੋਂ ਤੱਕ ਉਹ ਮੁੱਖ ਮੰਤਰੀ ਹਨ, ਕਿਸੇ ਵੀ ਗ਼ਰੀਬ ਪਰਿਵਾਰ ਦਾ ਰਾਸ਼ਨ ਕਾਰਡ ਰੱਦ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਹਰ ਪੱਧਰ ਤੇ ਗਰੀਬਾਂ ਦੇ ਹੱਕਾਂ ਦੀ ਰਾਖੀ ਕਰੇਗੀ ਅਤੇ ਜੇਕਰ ਭਾਜਪਾ ਕਿਸੇ ਵੀ ਗ਼ਰੀਬ ਪਰਿਵਾਰ ਤੋਂ ਰਾਸ਼ਨ ਖੋਹਣ ਦੀ ਕੋਸ਼ਿਸ਼ ਕਰਦੀ ਹੈ ਤਾਂ ਇਸ ਦਾ ਸਖ਼ਤ ਵਿਰੋਧ ਕੀਤਾ ਜਾਵੇਗਾ।

ਪੰਜਾਬ ਸਰਕਾਰ ਮੰਡਿਆਲਾ ਟੈਂਕਰ ਗੈਸ ਦਰਦਨਾਕ ਘਟਨਾ ਦੀ ਭਰਪਾਈ ਐੱਚ ਪੀ ਸੀ ਐਲ ਤੋਂ ਕਰਵਾਏ : ਇਮਾਨ ਸਿੰਘ ਮਾਨ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਮੰਡਿਆਲਾ ਗੈਸ ਲੀਕ ਘਟਨਾ ਦੀ ਭਰਭਾਈ ਪੰਜਾਬ ਸਰਕਾਰ ਨੂੰ ਐਚ ਪੀ ਸੀ ਐਲ ਤੋਂ ਕਰਵਾਉਣੀ ਚਾਹੀਦੀ ਹੈ ਇਹ ਵਿਚਾਰ ਅੱਜ ਹੁਸ਼ਿਆਰਪੁਰ ਸਿਵਲ ਹਸਪਤਾਲ ਵਿਖੇ ਗੈਸ ਲੀਕ ਕਾਂਡ ਦੌਰਾਨ ਝੁਲਸੇ ਹੋਏ ਮਰੀਜ਼ਾਂ ਦਾ ਹਾਲ ਪੁੱਛਣ ਆਏ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਕਾਰਜਕਾਰੀ ਪ੍ਰਧਾਨ ਇਮਾਨ ਸਿੰਘ ਮਾਨ ਨੇ ਕਹੇ। ਅੱਜ ਪੱਤਰਕਾਰਾਂ ਨੂੰ ਆਪਣੇ ਖਾਸ ਸੁਨੇਹੇ ਵਿੱਚ ਇਮਾਨ ਸਿੰਘ ਮਾਨ ਨੇ ਸੁਪਰੀਮ ਕੋਰਟ ਦੀ ਵਕੀਲ ਐਮ ਸੀ ਮਹਿਤਾ ਬਨਾਮ ਯੂਨੀਅਨ ਭਾਰਤ ਸਰਕਾਰ ਜਿਸ ਨੂੰ ਕਿ ਓਲੀਅਮ ਗੈਸ ਲੀਕ ਕਾਂਡ ਵਜੋਂ ਜਾਣਿਆ ਜਾਂਦਾ ਹੈ, ਦੀ ਆਈ ਜਜਮੈਂਟ ਦਾ ਹਵਾਲਾ ਦਿੰਦਿਆਂ ਹੋਇਆਂ ਉਹਨਾਂ ਆਖਿਆ ਕਿ ਸੁਪਰੀਮ ਕੋਰਟ ਨੇ ਆਪਣੀ ਜਜਮੈਂਟ ਵਿੱਚ ਕਿਹਾ ਸੀ ਕਿ ਜੇਕਰ ਕੋਈ ਵੀ ਕੰਪਨੀ ਖਤਰਨਾਕ ਮਟੀਰੀਅਲ ਰੱਖਦੀ ਹੈ ਤਾਂ ਜੇਕਰ ਕਿਸੇ ਦੁਰਘਟਨਾ ਕਾਰਨ ਕਸੂਰ ਕਿਸੇ ਦਾ ਵੀ ਹੋਵੇ ਜੇਕਰ ਕੋਈ ਇਹੋ ਜਿਹੀ ਘਟਨਾ ਵਾਪਰਦੀ ਹੈ

ਤਾਂ ਉਸ ਦੀ ਭਰਪਾਈ ਦੀ ਜ਼ਿੰਮੇਵਾਰੀ ਵੀ ਕੰਪਨੀ ਦੀ ਹੀ ਹੋਵੇਗੀ। ਇਸ ਜੱਜਮੈਂਟ ਨੂੰ ਆਧਾਰ ਬਣਾ ਕੇ ਪੰਜਾਬ ਸਰਕਾਰ ਨੂੰ ਆਪਣੇ ਤੌਰ 'ਤੇ ਐਚ ਪੀ ਸੀ ਐਲ ਤੋਂ ਮ੍ਰਿਤਕਾਂ ਲਈ 75 ਲੱਖ ਤੋਂ ਇਕ ਕਰੋੜ ਤੱਕ ਦਾ ਮੁਆਵਜ਼ਾ ਅਤੇ ਬੁਰੀ ਤਰ੍ਹਾਂ ਨਾਲ ਝੁਲਸੇ ਹੋਏ ਲੋਕਾਂ ਲਈ 25 ਲੱਖ ਤੋਂ 50 ਲੱਖ ਤੱਕ ਰੁਪਏ ਦਾ ਮੁਆਵਜ਼ਾ ਜਿਹੜਾ ਉਹ ਕੰਪਨੀ ਤੋਂ ਭਰਵਾਉਣਾ ਚਾਹੀਦਾ ਹੈ। ਇਸ ਘਟਨਾ ਦੌਰਾਨ ਜਿਸ ਵੀ ਜਿਸ ਵੀ ਮਕਾਨ ਜਾਂ ਕਿਸੇ ਦੁਕਾਨ ਦਾ ਨੁਕਸਾਨ ਹੋਇਆ ਹੈ ਇਸ ਦੀ ਭਰਭਾਈ ਵੀ ਐਚ ਪੀ ਸੀ ਐਲ ਹੀ ਕਰੇਗੀ ਪੰਜਾਬ ਸਰਕਾਰ ਇਹਦੇ ਲਈ ਕੰਪਨੀ ਨੂੰ ਜ਼ਿੰਮੇਵਾਰ ਬਣਾਵੇ।ਇਸ ਸਮੇਂ ਉਹਨਾਂ ਨਾਲ ਗੁਰਦੀਪ ਸਿੰਘ ਖੁਣਖੁਣ ਸੀਨੀਅਰ ਮੀਤ ਪ੍ਰਧਾਨ ਕਿਸਾਨ ਵਿੰਗ, ਸੰਦੀਪ ਸਿੰਘ ਖਾਲਸਾ ਟਾਂਡਾ, ਹਰਵਿੰਦਰ ਸਿੰਘ ਹੀਰਾ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਲਾਚੋਵਾਲ ਵੱਲੋਂ ਅਕਬਰ ਸਿੰਘ ਬੂਰੇ ਜੱਟਾਂ, ਹਰਪ੍ਰੀਤ ਸਿੰਘ ਲਾਲੀ, ਕਿਰਪਾਲ ਸਿੰਘ ਪੰਡੋਰੀ ਖਜੂਰ, ਮਨਜੀਤ ਸਿੰਘ ਲੰਬੜਦਾਰ, ਸਤਵੰਤ ਸਿੰਘ ਮੁਰਾਦਪੁਰ, ਬਲਕਾਰ ਸਿੰਘ, ਲਾਡੀ ਸਿੰਘ, ਅਮਰਜੀਤ ਸਿੰਘ ਗੋਕਲ ਨਗਰ ਆਦਿ ਹਾਜ਼ਰ ਸਨ।

ਸੰਤ ਬਾਬਾ ਮੇਲਾ ਰਾਮ ਦੀ 72ਵੀਂ ਬਰਸੀ 'ਤੇ ਸਮਾਗਮ ਸ਼ੁਰੂ

ਬੰਗਾ (ਅਵਤਾਰ ਕਲੇਰ)- ਡੇਰਾ 108 ਸੰਤ ਬਾਬਾ ਮੇਲਾ ਰਾਮ ਜੀ ਭਰੋਮਜਾਰਾ ਵਿਖੇ ਬ੍ਰਹਮਲੀਨ 108 ਸੰਤ ਬਾਬਾ ਮੇਲਾ ਰਾਮ ਜੀ ਦੀ 72ਵੀਂ ਸਾਲਾਨਾ ਬਰਸੀ 27 ਤੇ 28 ਅਗਸਤ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ

ਦਿੰਦੇ ਹੋਏ ਡੇਰੇ ਦੇ ਮੌਜੂਦਾ ਗੱਦੀਨਸ਼ੀਨ 108 ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੋਸਾਇਟੀ (ਰਜਿ:) ਪੰਜਾਬ ਨੇ ਦੱਸਿਆ ਕਿ ਡੇਰੇ ਵਿਖੇ 27 ਅਗਸਤ ਰਾਤ ਨੂੰ ਕੀਰਤਨ ਦਰਬਾਰ ਕਰਵਾਇਆ ਜਾਵੇਗਾ। ਜਿਸ ਵਿਚ ਪ੍ਰਸਿੱਧ ਕੀਰਤਨੀਏ ਜਥੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ 28 ਅਗਸਤ ਨੂੰ ਸਵੇਰੇ 10 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ। ਜਿਸ ਵਿਚ ਪ੍ਰਸਿੱਧ ਰਾਗੀ, ਢਾਡੀ, ਕਥਾ ਵਾਚਕ, ਕੀਰਤਨੀਏ, ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੋਸਾਇਟੀ ਰਜਿ. ਪੰਜਾਬ ਅਤੇ ਹੋਰ ਸੰਪ੍ਰਦਾਵਾਂ ਦੇ ਸੰਤ-ਮਹਾਪੁਰਸ਼ ਸੰਗਤਾਂ ਨੂੰ ਕਥਾ ਕੀਰਤਨ ਅਤੇ ਪ੍ਰਵਚਨਾਂ ਦੁਆਰਾ ਗੁਰੂ ਚਰਨਾਂ ਨਾਲ ਜੋੜਨਗੇ।

ਵਿਕਰਮਜੀਤ ਸਿੰਘ ਚੌਧਰੀ ਨੇ ਭਗਵਾਨ ਮਈਆ ਦੇ ਦਰਬਾਰ 'ਚ ਭਰੀ ਹਾਜ਼ਰੀ

ਫਿਲੌਰ (ਨਿਰਮਲ)- ਹਲਕਾ ਫਿਲੌਰ ਦੇ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਨੇ ਆਪਣੇ ਸਾਥੀਆਂ ਸਹਿਤ ਫਿਲੌਰ ਵਿਖੇ ਭਗਵਾਨ ਮਈਆ ਜੀ ਦੇ ਦਰਬਾਰ ਸਲਾਨਾ ਮੇਲੇ ਵਿੱਚ

ਹਾਜ਼ਰੀ ਭਰੀ ਅਤੇ ਗੱਦੀਨਸ਼ੀਨ ਨਿਮੋ ਸਰਕਾਰ ਤੋਂ ਆਸ਼ੀਰਵਾਦ ਲਿਆ। ਉਹਨਾਂ ਦੱਸਿਆ ਕਿ ਮੇਲੇ ਵਿੱਚ ਸ਼ਾਮਲ ਹੋ ਕੇ ਰੂਹਾਨੀ ਖੁਸ਼ੀ ਮਹਿਸੂਸ ਹੋਈ ਅਤੇ ਅੰਤਾਂ ਦਾ ਸਕੂਨ ਮਿਲਿਆ।ਇਸ ਮੌਕੇ ਮੱਖਣ ਖਹਿਰਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਫਿਲੌਰ, ਦਾਰਾ ਸਿੰਘ ਰਾਏ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਗੋਰਾਇਆ, ਬਾਲਕ ਰਾਮ ਸ਼ਹਿਰੀ ਪ੍ਰਧਾਨ ਫਿਲੌਰ ਸਾਬਕਾ ਐਮ.ਸੀ, ਰਾਕੇਸ਼ ਕਾਲੀਆ ਐਮ.ਸੀ, ਰਾਜੇਸ਼ ਰੌਕਸੀ ਐਮ.ਸੀ, ਰਾਜ ਕੁਮਾਰ ਹੰਸ, ਸਾਬਕਾ ਐਮ.ਸੀ, ਨਵਦੀਪ ਬੜਾ ਪਿੰਡ ਮੈਂਬਰ ਬਲਾਕ ਸੰਮਤੀ, ਅਸ਼ਵਨੀ ਕੁਮਾਰ ਅਸ਼ੂ ਸਾਬਕਾ ਐਮ.ਸੀ, ਸੱਤਪਾਲ ਚੀਮਾ, ਰਮੇਸ਼ ਕਨੋਜੀਆ, ਅਸ਼ਵਨੀ ਲੁਥਰਾ, ਜਸਵੀਰ ਅੱਟੀ, ਅਸ਼ੋਕ ਬਤਰਾ, ਡਾ. ਸੁਰਜੀਤ, ਗਗਨ ਸਰਪੰਚ ਪੰਜਢੇਰਾਂ, ਪਰਗਨ ਰਾਮ ਸਰਪੰਚ ਦਿਆਲਪੁਰ ਅਤੇ ਪਿਯੂਸ਼ ਯੂਥ ਕਾਂਗਰਸ ਹਾਜ਼ਰ ਸਨ।

ਅਨੁਸ਼ਕਾ ਸਥਾਪਨਾ 'ਚ ਨਵੀਂ ਪੀੜ੍ਹੀ ਨੂੰ ਸੇਵਾ ਵੱਲ ਅੱਗੇ ਲਿਜਾਣ ਦਾ ਪ੍ਰਣ ਲਿਆ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)- ਲਾਇਨਜ਼ ਕਲੱਬ ਸਿਮਰਨ ਦੇ ਪਹਿਲੇ ਅਨੁਸ਼ਕਾ ਸਥਾਪਨਾ ਵਿੱਚ ਮੁਖੀ ਮੀਨੂੰ ਭੁੱਟਾ ਅਤੇ ਉਨ੍ਹਾਂ ਦੀ ਟੀਮ ਨੇ ਸੇਵਾ, ਸਮਰਪਣ ਅਤੇ ਨਵੀਂ ਪੀੜ੍ਹੀ ਨੂੰ ਸੇਵਾ ਵੱਲ ਅੱਗੇ ਲਿਜਾਣ ਦਾ ਪ੍ਰਣ ਲਿਆ। ਇਸ ਮੌਕੇ ਮੁੱਖ ਮਹਿਮਾਨ ਸੁਰਿੰਦਰ ਕੁਮਾਰ ਸੰਧੀ ਐਡਮਿਨ ਚੀਫ਼ ਜਲੰਧਰ, ਲਾਇਨ ਪਰਮਜੀਤ ਚਾਵਲਾ, ਲਾਇਨ ਸ਼ਿਵ ਕੁਮਾਰ ਸ਼ੇਖੜੀ, ਸਤੀਸ਼ ਮੱਕੜ, ਐਸ ਪੀ ਸੰਧੂ, ਸਵਰਨ ਸਿੰਘ ਖਾਲਸਾ, ਹਰਦੀਪ ਸਿੰਘ ਖੜਕਾ, ਗੁਰਮੀਤ ਮੱਕੜ, ਬਲਵੰਤ ਸਿੰਘ ਸੰਗੜ, ਐਮ ਜੇ ਐਫ ਸੁਖਜਿੰਦਰ ਸਿੰਘ ਮੌਜੂਦ ਸਨ। ਲਾਇਨ ਪਰਮਜੀਤ ਸਿੰਘ ਚਾਵਲਾ ਨੇ ਕਿਹਾ ਕਿ ਲਾਇਨਜ਼ ਮੈਂਬਰ ਸੇਵਾ ਵੱਲ ਅੱਗੇ ਵਧਣ ਦਾ ਪ੍ਰਣ ਲੈ ਰਹੇ ਹਨ। ਇਹ ਲੋਕਾਂ ਨੂੰ ਸੇਵਾ ਕਰਨ, ਜਾਗਰੂਕ ਹੋਣ ਅਤੇ ਜੀਵਨ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕਰਨ ਲਈ ਸ਼ੁਰੂ

ਕੀਤਾ ਗਿਆ ਸੀ। ਇਸ ਤੋਂ ਇਲਾਵਾ, ਇਸ ਦੀ ਸ਼ੁਰੂਆਤ 1956 ਵਿੱਚ ਭਾਰਤ ਵਿੱਚ ਸ੍ਰੀ ਸਤਿ ਜੀ ਦੁਆਰਾ ਕੀਤੀ ਗਈ ਸੀ। ਇਸ ਮੌਕੇ ਜਨਰਲ ਸਕੱਤਰ ਮਨਪ੍ਰੀਤ ਕੌਰ ਦੁਸਾਂਝ, ਬਨੀਤਾ ਸੰਧੂ, ਰੋਹਿਤ ਚੋਪੜਾ, ਸੀਮਾ, ਕਮਲਜੀਤ ਰਾਏ, ਸੋਨੀਆ ਰਾਏ, ਹਰਦੇਵ ਸਿੰਘ ਬੇਦੀ, ਸੋਨੂੰ ਕੁਮਾਰ, ਸਿੰਘ, ਹਰਮਨਪ੍ਰੀਤ ਕੌਰ, ਜਸਵੀਰ ਕੌਰ, ਮਨਿੰਦਰ ਕੌਰ ਜਸਪ੍ਰੀਤ, ਅਹਿਰਾਨ, ਮਨਜੋਤ ਕੌਰ, ਆਰਤੀ ਚੋਪੜਾ, ਵਿਕਾਸ ਚੋਪੜਾ, ਪ੍ਰਿਅੰਕਾ ਕਲਸੀ, ਨੀਲਮ, ਪਸ਼ਪ੍ਰਿਯਾ ਚੋਪੜਾ, ਸੁਧੀਰ ਕੁਮਾਰ, ਯੁਵਰਾਜ, ਨਿਧੀ ਕਪੂਰ, ਮਾਸਟਰ ਅਰਜਨ ਦੇਵ, ਦੀਪ ਕੁਮਾਰ, ਗੁਰਮੀਤ ਸਿੰਘ, ਦੁਜੇ ਸਿੰਘ, ਸੰਪ੍ਰੀਤਰ ਮਨਦੀਪ ਸਿੰਘ, ਅਮਰਜੀਤ ਸਿੰਘ, ਰਾਜੇਸ਼ ਕੁਮਾਰ, ਅਮਰਜੀਤ ਸਿੰਘ, ਤਨਵੀਰ ਸਿੰਘ ਨੂੰ ਨਵੀਂ ਮੈਂਬਰਸ਼ਿਪ ਦਿੱਤੀ ਗਈ। ਇਸ ਮੌਕੇ ਮੁੱਖ ਮਹਿਮਾਨ ਸੁਰਿੰਦਰ ਨਈਅਰ, ਰਾਮ ਜੀਤ ਸਿੰਘ ਪ੍ਰਧਾਨ, ਹਰਦੇਵ ਸਿੰਘ ਬੇਦੀ, ਜਤਿੰਦਰ ਸਿੰਘ, ਪਲਵਿੰਦਰ ਸਿੰਘ, ਲਾਇਨਜ਼ ਕਲੱਬ ਸਿਟੀ ਸਮਾਇਲ ਤੋਂ ਅਮਰਦੀਪ ਸਿੰਘ ਪੂੰਨੀ, ਦਿਲਾਵਰ ਚੰਦ, ਜੋਗਾ ਰਾਮ ਆਦਿ ਹਾਜ਼ਰ ਸਨ ਅਤੇ ਨਵੀਂ ਬਣੀ ਕਲੱਬ ਦੀ ਟੀਮ ਨੂੰ ਵਧਾਈ ਦਿੱਤੀ। ਇਸ ਮੌਕੇ ਕਲੱਬ ਪ੍ਰਧਾਨ ਮੀਨੂੰ ਭੁੱਟਾ ਨੇ ਆਪਣੀ ਟੀਮ ਦੇ ਨਾਲ ਕਲੱਬ ਮੋਟੀਵੇਟਰ ਧੀਰਜ ਮੱਕੜ ਦੀ ਅਗਵਾਈ ਹੇਠ ਲੋਕ ਸੇਵਾ ਦਾ ਪ੍ਰਣ ਲਿਆ। ਸਟੇਜ ਦਾ ਪ੍ਰਬੰਧ ਸੇਵਾ ਮੁਕਤ ਡਿਪਟੀ ਡੀ ਈ ਓ ਲਾਇਨਜ਼ ਅਮਰਜੀਤ ਖਟਕੜ ਨੇ ਕੀਤਾ।

ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਬਾਰੇ ਜਾਗਰੂਕਤਾ ਭਾਸ਼ਣ ਕਰਵਾਏ

ਜਲੰਧਰ (ਸ਼ੈਲੀ ਐਲਬਰਟ) ਲਾਇਲਪੁਰ ਖ਼ਾਲਸਾ ਕਾਲਜ ਨੇ ਜ਼ਿਲ੍ਹਾ ਪੁਲਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਪੰਜਾਬ ਸਰਕਾਰ ਦੀ ਨਸ਼ਾ ਛੁਡਾਊ ਮੁਹਿੰਮ ਤਹਿਤ ਇੱਕ ਜਾਗਰੂਕਤਾ

ਭਾਸ਼ਣ ਦਾ ਆਯੋਜਨ ਕੀਤਾ। ਮੁੱਖ ਭਾਸ਼ਣ ਥਾਣਾ ਇੰਚਾਰਜ ਐਸ ਐਚ ਓ ਨਿਊ ਬਾਰਾਂਦਰੀ ਇੰਸਪੈਕਟਰ ਰਵਿੰਦਰ ਕੁਮਾਰ, ਜੋ ਕਿ ਲਾਇਲਪੁਰ ਖ਼ਾਲਸਾ ਕਾਲਜ ਦੇ ਭੂਗੋਲ ਵਿਭਾਗ ਦੇ ਸਾਬਕਾ ਵਿਦਿਆਰਥੀ ਹਨ, ਨੇ ਦਿੱਤਾ। ਉਹਨਾਂ ਦਾ ਸਵਾਗਤ ਕਰਦੇ ਹੋਏ, ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਭਾਸ਼ਣਾਂ, ਨੁੱਕੜ ਨਾਟਕਾਂ ਅਤੇ ਜਾਗਰੂਕਤਾ ਮੁਹਿੰਮਾਂ ਰਾਹੀਂ ਸਮਾਜਿਕ ਸਰੋਕਾਰਾਂ ਪ੍ਰਤੀ ਕਾਲਜ ਦੀ ਲੰਬੇ ਸਮੇਂ ਦੀ ਵਚਨਬੱਧਤਾ ਅਤੇ ਰਾਜ ਸਰਕਾਰ ਦੀ ਨਸ਼ਾ ਛੁਡਾਊ ਮੁਹਿੰਮ ਵਿੱਚ ਇਸ ਦੇ ਸਰਗਰਮ ਯੋਗਦਾਨ 'ਤੇ ਚਾਨਣਾ ਪਾਇਆ। ਸਮਾਗਮ ਨੂੰ ਸੰਬੋਧਨ ਕਰਦੇ ਹੋਏ, ਐਸ. ਐਚ.ਓ. ਇੰਸਪੈਕਟਰ ਰਵਿੰਦਰ ਕੁਮਾਰ ਨੇ ਵਿਦਿਆਰਥੀਆਂ ਨੂੰ ਚੌਕਸ ਰਹਿਣ, ਆਪਣੇ ਸਾਥੀਆਂ ਵਿੱਚ ਜਾਗਰੂਕਤਾ ਫੈਲਾਉਣ ਅਤੇ ਨਸ਼ਾ ਮੁਕਤ ਪੰਜਾਬ ਬਣਾਉਣ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ। ਪ੍ਰੋਗਰਾਮ ਦਾ ਸੰਚਾਲਨ ਪ੍ਰੋ. ਸਤਪਾਲ ਸਿੰਘ ਦੁਆਰਾ ਕੀਤਾ ਗਿਆ। ਇਸ ਮੌਕੇ ਵਾਇਸ ਪ੍ਰਿੰਸੀਪਲ ਪ੍ਰੋ. ਨਵਦੀਪ ਕੌਰ, ਰਜਿਸਟਰਾਰ ਡਾ. ਗਗਨਦੀਪ ਕੌਰ, ਡੀਨ ਅਕੈਡਮਿਕ ਕੌਂਸਲ ਡਾ. ਰਸ਼ਪਾਲ ਸਿੰਘ ਸੰਧੂ, ਵੱਖ ਵੱਖ ਵਿਭਾਗਾਂ ਦੇ ਮੁਖੀ ਸਾਹਿਬਾਨ, ਅਧਿਆਪਕ ਸਾਹਿਬਾਨ, ਵਿਦਿਆਰਥੀਆਂ ਅਤੇ ਪੁਲਿਸ ਵਿਭਾਗ ਦੇ ਕਰਮਚਾਰੀਆਂ ਨੇ ਪ੍ਰੋਗਰਾਮ ਵਿੱਚ ਸਰਗਰਮੀ ਨਾਲ ਹਿੱਸਾ ਲਿਆ।

ਬਡਲਾ 'ਚ ਆਧੁਨਿਕ ਜਿਮ ਦਾ ਉਦਘਾਟਨ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)- ਚਬ੍ਬੇਵਾਲ ਵਿਧਾਨ ਸਭਾ ਹਲਕੇ ਦੇ ਵਿਧਾਇਕ ਡਾ. ਈਸ਼ਾਂਕ ਕੁਮਾਰ ਨੇ ਪਿੰਡ ਬਡਲਾ ਵਿੱਚ ਨਵ-ਨਿਰਮਿਤ ਜਿਮ ਦਾ ਸ਼ੁਭਾਰੰਭ ਕੀਤਾ। ਇਸ ਜਿਮ ਲਈ ਲਗਭਗ 6 ਲੱਖ ਰੁਪਏ ਦੀ ਆਧੁਨਿਕ ਮਸ਼ੀਨਰੀ ਅਤੇ ਸਾਜ-ਸਾਮਾਨ ਮੁਹੱਈਆ ਕਰਵਾਇਆ ਗਿਆ ਹੈ। ਇਹ ਜਿਮ ਆਲ ਇੰਡੀਆ ਲੇਬਰ ਯੂਨੀਅਨ ਪ੍ਰਧਾਨ ਹਰਬੰਸ ਲਾਲ ਪਰਵਾਨਾ ਦੀ ਯਾਦ ਵਿੱਚ ਬਣਾਇਆ ਗਿਆ ਹੈ। ਇਸ ਮੌਕੇ ਪਿੰਡ ਦੇ ਸਰਪੰਚ ਕਮਲੇਸ਼ ਰਾਣੀ, ਡਾ. ਰੋਸ਼ਨ ਲਾਲ, ਬਲਾਕ ਪ੍ਰਧਾਨ ਗਣੇਸ਼ ਕੁਮਾਰ ਗਿਨੀ, ਪੰਚ ਦਲਵਿੰਦਰ, ਬਲਜਿੰਦਰ ਸਿੰਘ, ਗੌਰਵ ਕੁਮਾਰ, ਡਾ. ਰਣਜੀਤ, ਲੰਬਰਦਾਰ

ਜਤਿੰਦਰ, ਮਨਿਸ਼, ਰਾਜੂ, ਜਸਵਿੰਦਰ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ। ਡਾ. ਈਸ਼ਾਂਕ ਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਦੇ ਸਿਹਤ ਅਤੇ ਖੇਡਾਂ ਨੂੰ ਵਧਾਵਾ ਦੇਣ ਲਈ ਲਗਾਤਾਰ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਆਧੁਨਿਕ ਸੁਵਿਧਾਵਾਂ ਨਾਲ ਲੈਸ ਇਹ ਜਿਮ ਹੁਣ ਪਿੰਡ ਦੇ ਨੌਜਵਾਨਾਂ ਲਈ ਉਪਲਬਧ ਹੈ ਅਤੇ ਆਸ-ਪਾਸ ਦੇ ਪਿੰਡਾਂ ਦੇ ਯੁਵਕ ਵੀ ਇੱਥੇ ਆ ਕੇ ਅਭਿਆਸ ਕਰ ਰਹੇ ਹਨ। ਸਰਪੰਚ ਕਮਲੇਸ਼ ਰਾਣੀ ਨੇ ਵਿਧਾਇਕ ਅਤੇ ਰਾਜ ਸਰਕਾਰ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਪਹਿਲਾਂ ਨੌਜਵਾਨਾਂ ਨੂੰ ਅਜਿਹੀਆਂ ਸੁਵਿਧਾਵਾਂ ਲਈ ਸ਼ਹਿਰਾਂ ਦਾ ਰੁਖ ਕਰਨਾ ਪੈਂਦਾ ਸੀ, ਪਰ ਹੁਣ ਪਿੰਡ ਵਿੱਚ ਹੀ ਉਨ੍ਹਾਂ ਨੂੰ ਕਸਰਤ ਅਤੇ ਫ਼ਿਟਨੈਸ ਦੀ ਬਿਹਤਰੀਨ ਸੁਵਿਧਾ ਮਿਲੇਗੀ।

ਸ੍ਰੀ